Angrezi rāja wicca prajā
de dukha di kahanī

3 1761 07131861 2

DS
479
A54

LIBRARY
NOV 11 1976
UNIVERSITY OF TORONTO

ਅੰਗਾਂ ਦੀ ਗਵਾਹੀ

ਗਦਰ ਪਾਰਟੀ ਦੇ ਪੁਸਤਕਾਂ ਦੀ ਲੜੀ
ਨੰਬਰ
੩

Angrezi raj vich praja de dukh di kahani

# ਅੰਗ੍ਰੇਜ਼ੀ ਰਾਜ ਵਿਚ ਪ੍ਰਜਾ ਦੇ ਦੁਖ ਦੀ ਕਹਾਣੀ

ਏਹ ਅੰਗ ਵਖੋ ਵਖ ਕਿਤਾਬਾਂ ਅਤੇ ਸ੍ਰਕਾਰੀ ਰਪੋਟਾਂ ਵਿਚੋਂ ਲਏ ਗਏ ਹੈਂ, ੧ ਸਨ ੧੯੧੫

Editor: Hindustan Gadar

ਐਡੀਟਰ ਹਿੰਦੋਸਤਾਨ ਗਦਰ ਦੇ ਪ੍ਰਬੰਧ ਨਾਲ
ਹਿੰਦੋਸਤਾਨ ਗਦਰ ਪ੍ਰੈਸ ਵਿਚ ਤਿਆਰ ਹੋਕੇ ਛਪੀ

ਏਹ ਪੁਸਤਕ ਯੁਗਾਂਤ੍ਰ ਆਸ਼੍ਰਮ ਦਫਤ੍ਰ ਹਿੰਦੋਸਤਾਨ ਗਦਰ ਵਿਚੋਂ ਹਰ ਇਕ ਭਾਈ ਕੋ ਮੁਫਤ ਮਿਲ ਸਕਦਾ ਹੈ,

ਪੈਹਲੀ ਵਾਰ .............. ੧੦੦੦੦ ਪੋਥੀ

## (੧) ਅੰਗਾਂ ਦੀ ਗੁਆਹੀ

DS 479 A54

ਅੰਗ੍ਰੇਜ਼ੀ ਰਾਜ ਦੇ ਜ਼ੁਲਮ ਐਸੇ ਸਾਫ਼ ਜ਼ਾਹਿਰ ਹਨ, ਕਿ ਜ਼ਿਕਰ ਕਰਦਿਆਂ ਹੀ ਭਲੇ ਪੁਰਸ਼ਾਂ ਦਾ ਖ਼ੂਨ ਜੋਸ਼ ਵਿਚ ਆ ਜਾਂਦਾ ਹੈ, ਪਰ ਸਾਡੇ ਦੇਸੀ ਭਾਈਆਂ ਨੂੰ ਏਸ ਚਾਲ ਬਾਜ਼ ਸ੍ਰ-ਕਾਰ ਦੀਆਂ ਬਦਮੁਆਸ਼ੀਆਂ ਅਤੇ ਦਗ਼ੇ ਬਾਜ਼ੀਆਂ ਮਾਲੂਮ ਭੀ ਨਹੀ, ਕਿਉਂਕਿ ਇਹਨਾਂ ਨੂੰ ਸਰਕਾਰੀ ਰਪੋਟਾਂ ਪੜ੍ਹਨ ਦੀ ਅਤੇ ਰਾਜ ਨੀਤੀ ਦੇ ਮੁਆਮਲਿਆਂ ਤੇ ਵਿਚਾਰ ਕਰਨ ਦੀ ਆਦਤ ਨਹੀਂ, ਹਿੰਦੋਸਤਾਨ ਦੇ ਲੋਕ ਇਹ ਸਮਝਦੇ ਹਨ, ਕਿ ਸਰਕਾਰ ਨੂੰ ਟੈਕਸ ਦੇ ਕੇ ਪਿਛੋਂ ਪੁੱਛੋ ਹੀ ਨਾ ਕਿ ਉਸ ਰੁਪੈਏ ਦਾ ਕੀ ਹੋਇਆ, ਕਿਸਤ੍ਰਾਂ ਖ੍ਰਚ ਕੀਤਾ ਗਿਆ! ਹੁਣ ਵਕ਼ਤ ਆ ਗਿਆ ਹੈ, ਕਿ ਤਮਾਮ ਲਿਖਣ ਪੜ੍ਹਨ ਵਾਲਿਆਂ ਦੇ ਦਿਲਾਂ ਵਿਚ ਮੁਲਕੀ ਮਸਲਿਆਂ ਤੇ ਬਹਿਸ ਕਰਨ ਦਾ ਸ਼ੌਕ ਪੈਦਾ ਕੀਤਾ ਜਾਵੇ! ਸੁਚਿੱਤ ਦੇਸ਼ਾਂ ਵਿੱਚ ਹਰ ਇਕ ਮਰਦ ਔਰਤ ਟੈਕਸਾਂ ਦੀ ਜਾਂਚ ਪੜਤਾਲ ਕਰਦਾ ਹੈ, ਕਿ ਇਤਨੀ ਰਕ਼ਮ ਜਮਾਂ ਕੀਤੀ ਗਈ ਅਤੇ ਇਸ ਤ੍ਰਾਂ ਖਰਚ ਹੋਈ, ਗੱਲ ਕੀ ਇੱਕ ਪੈਸਾ ਭੀ ਏਧਰ ਉਧਰ ਨਹੀ ਹੋ ਸਕਦਾ! ਹਿੰਦੋਸਤਾਨ ਵਿੱਚ ਤਾਂ ਕਈ ਵਡੀ ਰਿਆਸਤਾਂ ਸਾਲਾਨਾ ਰਪੋਟ ਤੱਕ ਨਹੀਂ ਛਾਪਦੀਆਂ ਕਈ ਰਾਜੇ ਜਿਤਨਾ ਜੀ ਚਾਹਵੇ ਆਪਣੇ ਐਸ਼ ਅਸ਼ਰਤ ਵਾਸਤੇ ਰੁਪੈਯਾ ਖਰਚ ਕਰ ਦੇਂਦੇ ਹਨ; ਏਸ ਹਨੇਰੇ ਨੂੰ ਦੂਰ ਕਰਨ ਵਾਸਤੇ ਸਿਰਫ਼ ਇੱਕ ਬਾਤ ਜ਼ਰੂਰੀ ਹੈ, ਉਹਨਾਂ ਨੂੰ ਅਖਬਾਰਾਂ ਅਤੇ ਕਿਤਾਬਾਂ ਦੇ ਜ਼ਰੀਏ ਦਸਣਾ ਚਾਹੀਏ, ਕਿ ਅੰਗ੍ਰੇਜ਼ੀ ਰਾਜ ਦਾ ਖਜ਼ਾਨਾ ਕਿਸ ਤ੍ਰਾਂ ਵਰਤਿਆ ਜਾਂਦਾ ਹੈ, ਤਦ ਸਾਰੇ ਚੋਰਾਂ ਦੀ ਸਚਾਈ ਮਾਲੂਮ ਹੋ ਜਾਵੇਗੀ! ਅਤੇ ਲੋਕ ਗੁੱਸੇ ਵਿੱਚ ਆ ਕੇ ਕਹਿਨਗੇ, ਕਿ ਸਾਡਾ ਰੁਪੈਯਾ ਹੈ, ਇਸ ਨੂੰ ਸਾਡੀ ਮਰਜ਼ੀ ਨਾਲ ਖਰਚ ਕਰਨਾ ਚਾਹੀਏ!

ਹਿੰਦਸੇ (ਅੰਗ) ਅਜੇਹੇ ਹਨ, ਜੈਸੇ ਹਥੌੜਾ! ਇਹਦੇ ਅੱਗੇ ਕਿਸੇ ਚਾਲ ਬਾਜ਼ ਦੀ ਦਾਲ ਨਹੀਂ ਗਲਦੀ, ਜਦ ਅੰਗਾਂ ਨਾਲ ਇੱਕ ਅਸੂਲ ਸਾਬਤ ਹੋ ਗਿਆ, ਤਾਂ ਸਾਰਾ ਜਹਾਨ ਉਸ ਨੂੰ ਰੱਦ ਨਹੀਂ ਕਰ ਸਕਦਾ!

## ਜ਼ਮੀਨ ਦਾ ਲਗਾਨ

ਹੁਨ ਜ਼ਮੀਨ ਦੇ ਲਗਾਨ ਬਾਬਤ ਥੋੜੇ ਅੰਗ ਲਿਖਾਂਗੇ!

ਤੀਹਾਂ ਸਾਲਾਂ ਵਿੱਚ ਜ਼ਮੀਨ ਦਾ ਲਗਾਨ ਇਸ ਤ੍ਰੂੰ ਵਧ ਗਿਆ,

| | | | | | | | | |
|---|---|---|---|---|---|---|---|---|
| ਸਨ | ੧੮੮੧ | ਵਿੱਚ ਬਾਈ ਕਰੋੜ ਬਾਰਾਂ ਲੱਖ ਚਾਲੀ ਹਜ਼ਾਰ | | | | | | |
| ,, | ੧੮੯੧ | ,, | ੨੪ ਕਰੋੜ | ੭੮ ਲੱਖ | ੩੦ ਹਜ਼ਾਰ ਰੁਪੈਯਾ | | | |
| ,, | ੧੯੦੧ | ,, | ੨੭ | ,, | ੩੯ | ,, | ੭੫ ,, | ,, |
| ,, | ੧੯੦੮ | ,, | ੩੧ | ,, | ੯੯ | ,, | ੮੦ ,, | ,, |

ਖਿਆਲ ਕਰੋ, ਤੀਹਾਂ ਹੀ ਸਾਲਾਂ ਵਿੱਚ ਜ਼ਮੀਨ ਦਾ ਲਗਾਨ ਡਿਓਢਾ ਹੋ ਗਿਆ, ਸਨ ੧੮੮੧ ਵਿੱਚ ਇੱਕ ਫਰੰਗੀ ਵਿਲੀਅਮ ਹੰਟਰ ਨੇ ਲਿਖਿਆ ਸੀ, ਕਿ ਹਿੰਦੋਸਤਾਨ ਵਿੱਚ ੭ ਕਰੋੜ ਆਦਮੀਆਂ ਨੂੰ ਪੂਰੀ ਖ਼ੁਰਾਕ ਨਹੀਂ ਮਿਲਦੀ, ਅਗਰ ਉਸ ਵੇਲੇ ਇਹ ਹਾਲਤ ਸੀ, ਤਾਂ ਹੁਨ ਕੀ ਦੁਰਦਿਸ਼ਾ ਹੋਵੇਗੀ, ਅੰਗਾਂ ਨੂੰ ਚੰਗੀ ਤ੍ਰੂੰ ਗ਼ੌਰ ਕਰ ਪੜ੍ਹੋ ਅਤੇ ਦੇਖੋ! ਕਿ ਕਿਸ ਤ੍ਰੂੰ ਹਰਾਮਜ਼ਾਦੇ ਫਰੰਗੀ ਸਾਡੇ ਪਿਆਰੇ ਦੇਸ਼ ਨੂੰ ਲੁੱਟ ਰਹੇ ਹਨ,

## ਨੈਹਰਾਂ ਤੋਂ ਆਮਦਨੀ

ਅੰਗ੍ਰੇਜ਼ੀ ਗਵਰਮਿੰਟ ਨੈਹਰਾਂ ਦੇ ਜ਼ਰੀਏ ਖ਼ੂਬ ਰੁਪੈਯਾ ਕਮੌਂਦੀ ਹੈ, ਪ੍ਰਜਾ ਦੇ ਰੁਪੈਏ ਨਾਲ ਨੈਹਰਾਂ ਬਨਦੀਆਂ ਹਨ, ਫੇਰ ਉਹਨਾਂ ਨੈਹਰਾਂ ਦੇ ਪਾਨੀ ਵਾਸਤੇ ਕਿਸਾਨਾਂ ਨੂੰ ਮੈਹਸੂਲ ਦੇਨਾ ਪੈਂਦਾ ਹੈ, ਏਸੇ ਤ੍ਰੂੰ ਗ਼ਵਰਮਿੰਟ ਨੂੰ ਇੱਕ ਵੇਰਾਂ ਲੁੱਟ ਕੇ ਦੂਜੀ ਵੇਰਾਂ ਲੁੱਟਨ ਦਾ ਮੌਕਾ ਮਿਲ ਜਾਂਦਾ ਹੈ,

ਸਨ ੧੯੦੧ ਵਿੱਚ ੨ ਕਰੋੜ ੭੬ ਲੱਖ ੯੦ ਹਜ਼ਾਰ ਰੁਪੈਯਾ

ਸਨ ੧੯੦੬ ਵਿਚੋਂ ੩ ਕਰੋੜ ੮੫ ਲੱਖ ੫੦ ਹਜ਼ਾਰ ਰੁਪੈਯਾ
,, ੧੯੦੯ ,, ੪ ,, ੮ ,, ੭੫ ,, ,,

## (੨) ਸਰਕਾਰੀ ਖਜ਼ਾਨੇ ਵਿਚ ਬਚੱਤ

ਹਿੰਦੋਸਤਾਨ ਦੀ ਗਵਰਮਿੰਟ ਇਤਨੀ ਲਾਲਚੀ ਅਤੇ ਬੇਈਮਾਨ ਹੋ ਗਈ ਹੈ ਕੇ ਅੰਗ੍ਰੇਜ਼ਾਂ ਨੂੰ ਮਾਲਾ ਮਾਲ ਕਰਕੇ ਭੀ ਹਰ ਸਾਲ ਖਜ਼ਾਨੇ ਵਿੱਚ ਬਚੱਤ ਰਖਦੀ ਹੈ ਜਿਸ ਕੋ ਅੰਗ੍ਰੇਜ਼ੀ ਜ਼ਬਾਨ ਵਿਚ ਸੁਪਲਸ (ਯਾਨੀ ਖਰਚ ਕਰਕੇ ਬਚੱਤ) ਆਖਦੇ ਹੰਨ, ਗਵਰਮਿੰਟ ਦੇ ਖਜ਼ਾਨੇ ਵਿਚ ਬਚੱਤ ਦਾ ਏਹ ਮਤਲਬ ਹੈ, ਕੇ ਪ੍ਰਜਾ ਪਾਸੋਂ ਇਤਨਾ ਰੁਪੈਯਾ ਲੁਟ ਲਿਆ ਕੇ ਬਦਹਜ਼ਮੀ ਹੋ ਗਈ, ਸਾਰਾ ਲੁਟ ਦਾ ਮਾਲ ਪਚਾ ਭੀ ਨ ਸਕੀ, ਸੋਚਣਾ ਚਾਹੀਦਾ ਹੈ, ਕੇ ਹਜ਼ਾਰਾਂ ਅਫਸਰਾਂ ਕੋ ਤਲਬਾਂ ਅਤੇ ਪੈਨਸ਼ਨਾਂ ਦੇ ਕੇ ਅਤੇ ਧਨਵਾਨ ਫਰੰਗੀਆਂ ਨੂੰ ਬਿਆਜ ਦੇ ਦਵਾ ਕੇ ਭੀ ਪਿਛਲੇ ਦਸਾਂ ਸਾਲਾਂ ਵਿਚ ਹਰ ਸਾਲ ਸਿਵਾਏ ਸਨ ੧੯੦੮, ਦੇ ਸਰਕਾਰ ਕੋ ਬਚੱਤ ਹੀ ਰਹੀ, ਇਕ ਪਾਸੇ ਤਾਂ ਪ੍ਰਜਾ ਗ਼ਰੀਬ ਹੁੰਦੀ ਜਾਂਦੀ ਹੈ, ਅਤੇ ਦੂਜੇ ਪਾਸੇ ਸਰਕਾਰੀ ਖਜ਼ਾਨੇ ਵਿਚ ਸੋਨੇ ਦਾ ਉਛਾਲ ਆਇਆ ਹੋਇਆ ਹੈ, ਸਨ ੧੯੦੧ ਅਤੇ ੧੯੦੪ ਵਿਚੋਂ ਤਾਂ ਪ੍ਰਜਾ ਕੁੜਕੀ ਦੇ ਕੈਹਤ ਨਾਲ ਮਰਦੀ ਸੀ, ਪਰ ਸਰਕਾਰ ਨੂੰ ਬਚੱਤ ਹੀ ਰਹੀ, ਏਹੋ ਹਨੇਰ ਹੈ, ਜੋ ਬੋਹਤ ਛੇਤੀ ਗ਼ਦਰ ਕਰਾਵੇਗਾ, ਹੇਠਾਂ ਲਿਖੇ ਹਿਦਸਿਆਂ ਤੋ ਪਤਾ ਲਗੇਗਾ, ਕੇ ਹੁਣ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਲੁਟੱਣ ਵਿਚ ਹਦ ਟੱਪ ਗਈ ਹੈ, ਜਦ ਸੱਪ ਬੋਹਤ ਮੋਟਾ ਚੂਹਾ ਖਾ ਜਾਂਦਾ ਹੈ, ਤਾਂ ਛੇਤੀ ਮਰਿਆ ਜਾਂਦਾ ਹੈ, ਹੁਣ ਏਸ ਬਦਜ਼ਾਤ ਸਰਕਾਰ ਦੇ ਭੀ ਅਖੀਰੀ ਦਿਨ ਆ ਗਏ ਹੰਨ,

## ਬਚੱਤ ਦੀਆਂ ਰਕਮਾਂ

ਸਨ ੧੯੦੧ ਵਿਚੋਂ ੭ ਕਰੋੜ ੪੨ ਲੱਖ ੭੪ ਹਜ਼ਾਰ ੪ ਸੋ ਪੰਜ ਰੁਪਏ

| | | | | | | | | | | | |
|---|---|---|---|---|---|---|---|---|---|---|---|
| ਸਨ | ੧੯੦੨ ਵਿੱਚ | ੪ ਕਰੋੜ | | ੬੦ ਲੱਖ | | ੧੯ ਹਜ਼ਾਰ | | ੯ ਸੋ | | ੧੦ | ਰੁਪੈਯਾ |
| ,, | ੧੯੦੩ | ,, | ੪ | ,, | ੪੯ | ,, | ੬੦ | ,, | ੧ | ,, ੪੫ | ,, |
| ,, | ੧੯੦੪ | ,, | ੫ | ,, | ੧੮ | ,, | ੪੧ | ,, | ੧ | ,, ੨੫ | ,, |
| ,, | ੧੯੦੫ | ,, | ੩ | ,, | ੧੩ | ,, | ੮੩ | ,, | ੪ | ,, ੨੦ | ,, |
| ,, | ੧੯੦੬ | ,, | ੨ | ,, | ੩੮ | ,, | ੪੦ | ,, | ੬ | ,, ੨੫ | ,, |
| ,, | ੧੯੦੭ | ,, | ੦ | ,, | ੫੦ | ,, | ੯੦ | ,, | ੬ | ,, ੯੦ | ,, |
| ,, | ੧੯੦੯ | ,, | ੦ | ,, | ੯੦ | ,, | ੯੯ | ,, | ੬ | ,, ੧੫ | ,, |
| ,, | ੧੯੧੦ | ,, | ੫ | ,, | ੯੦ | ,, | ੪੪ | ,, | ੩ | ,, ੫ | ,, |
| ,, | ੧੯੧੧ | ,, | ੫ | ,, | ੯੧ | ,, | ੫ | ,, | ੦ | ,, ੧੦ | ,, |

ਕੁਲ ਰਕੱਮ ੪੦ ਕਰੋੜ ੪੬ ਲਾਖ ੬੦ ਹਜ਼ਾਰ

ਉਪ੍ਰੋਂ ਲਿਖੀ ਅੰਗਾਂ ਦੀ ਗਵਾਹੀ ਹੀ ਅਪ੍ਰਾਧੀ (ਫਰੰਗੀ ਸਰਕਾਰ) ਦੇ ਹਕ ਵਿਚ ਕਾਤਲ ਹੈ, ਸਾਨੂੰ ਬਹੁਤੀ ਲਿਖਣ ਦੀ ਕੋਈ ਲੋੜ ਨਹੀਂ ਹੈ

## (੩) ਨਿਮਕ ਦਾ ਟੈਕਸ

ਹਿੰਦੋਸਤਾਨ ਵਿੱਚ ਅੰਗ੍ਰੇਜ਼ੀ ਰਾਜ ਦੀਆਂ ਬੁਰਕਤਾਂ ਵਿਚੋਂ ਇੱਕ ਏਹ ਭੀ ਹੈ, ਕੇ ਨਿਮਕ ਤਕ ਨੂੰ ਟੈਕਸ ਲਾਇਆ ਜਾਂਦਾ ਹੈ, ਲਗਾ-ਨ ਚੂੰਗੀ, ਨਿਮਕ ਟੈਕਸ (ਜੋ ਸ਼ਾਹੂਕਾਰਾਂ ਨੂੰ ਲਾਇਆ ਜਾਂਦਾ ਹੈ,) - ਜੰਗਲਾਤ ਅਤੇ ਨਸ਼ਿਆਂ ਆਦਕ ਤੋਂ ਕਾਫੀ ਆਮਦਨੀ ਨਹੀਂ ਹੁੰਦੀ ਪਰ ਨਿਮਕ ਉਤੇ ਭੀ ਟੈਕਸ ਜਰੂਰੀ ਹੈ, ਲਾਲਚ ਅਤੇ ਬਦਮਾਸ਼ੀ ਦੀ ਹੱਦ ਹੋ ਗਈ, ਇਸ ਤੋਂ ਜ਼ਿਆਦਾ ਜ਼ੁਲਮ ਨਹੀਂ ਹੋ ਸਕਦਾ ਅਤੇ ਨਾਂ ਹੀ ਅਜ ਤੱਕ ਕਿਸੇ ਦੇਸ ਦੀ ਸਰਕਾਰ ਨੇ ਕੀਤਾ ਹੈ, ਹੁਨ ਅਸੀਂ ਪਾਠਕਾਂ ਨੂੰ ਨਿਮਕ ਦੇ ਟੈਕਸ ਦੀ ਕੁਦਰ ਪਤਾ ਦੇਦਾਂ ਗੇ,

ਹਿੰਦੋਸਤਾਨ ਵਿਚ ਲੂਣ ਕਈ ਜਗਾ ਪੈਦਾ ਹੁੰਦਾ ਹੈ, ਕੁਦਰੱਤ ਨੇ ਪੰਜਾਬ ਵਿੱਚ ਲੂਣ ਦੀਆਂ ਬੜੀਆਂ ਖਾਂਣਾਂ ਬਖਸ਼ੀਆਂ ਹਨ ਕੋਹਾਟ ਦੇ ਆਲੇ ਦੁਆਲੇ ਦੇ ਇਲਾਕੇ ਵਿੱਚ ਜ਼ਮੀਨ ਦੇ ਥਲੇ ਲੂਣ

ਫੇਰਾਂ ਦੇ ਫੇਰ ਲੱਗੇ ਹੋਏ ਹਨ, ਜਿਸ ਨੂੰ ਕਈ ਪੁਸ਼ਤਾਂ ਭੀ ਮੁਕਾ ਨਹੀਂ ਸਕਦੀਆਂ, ਰਿਆਸਤ ਮੰਡੀ ਵਿੱਚ ਭੀ ਥੋੜਾ ਲੂਣ ਪੈਦਾ ਹੁੰਦਾ ਹੈ, ਝੀਲ ਸਾਂਭਰ ਤੋਂ (ਜਿਸ ਨੂੰ ਪੁਸ਼ਕਰ ਜੀ ਆਖਦੇ ਹਨ) ਬੇਹਦ ਲੂਣ ਨਿਕਲਦਾ ਹੈ, ਅੰਗ੍ਰੇਜ਼ੀ ਗਵਰਮਿੰਟ ਨੇ ਸਨ ੧੮੭੦ ਵਿੱਚ ਏਸ ਝੀਲ ਤੇ ਕਬਜ਼ਾ ਕਰ ਲਿਆ, ਅਤੇ ਰਾਜਪੂਤ ਰਿਆਸਤਾਂ ਨਾਲ ਅਹਿਦ ਨਾਮਾ ਕਰ ਲਿਆ, ਕਿ ਤੁਹਾਨੂੰ ਕੁੱਛ ਰੁਪੱਯਾ ਹਰ ਸਾਲ ਮਿਲਿਆ ਕਰੇਗਾ, ਸਤੇ ਰਾਜੇ ਅਤੇ ਵਜ਼ੀਰ ਅਜੇਹੇ ਬੇਵਕੂਫ ਅਤੇ ਬੁਜ਼ਦਿਲ ਹਨ, ਕਿ ਉਹਨਾਂ ਨੇ ਏਸ ਅਹਿਦ ਨਾਮੇ ਨੂੰ ਮਨਜ਼ੂਰ ਕਰ ਲਿਆ, ਅਤੇ ਕਰੋੜਾਂ ਰੁਪੱਏ ਮੁਫਤ ਵਿੱਚ ਫਰੰਗੀਆਂ ਦੀ ਭੇਟਾ ਕਰ ਦਿੱਤੇ! ਮਦਰਾਸ ਬੰਬਈ ਅਤੇ ਕਾਠੀਆਵਾੜ ਦੇ ਕਨਾਰੇ ਸਮੁੰਦ੍ਰ ਦੇ ਪਾਣੀ ਵਿੱਚੋਂ ਲਿਮਕ ਹਾਸਲ ਕੀਤਾ ਜਾਂਦਾ ਹੈ,

ਜਿਤਨਾ ਲਿਮਕ ਪੈਦਾ ਹੁੰਦਾ ਹੈ, ਸਾਰੇ ਉੱਤੇ ਸਰਕਾਰ ਦਾ ਟੈਕਸ ਹੈ, ਗਵਰਮਿੰਟ ਖੁਦ ਆਪਣੇ ਕਾਰਖਾਨਿਆਂ ਵਿੱਚ ਲੂਣ ਬਣੌਂਦੀ ਹੈ, ਅਤੇ ਆਪਣੇ ਮੈਹਕਮੇ ਦੀ ਰਾਂਹੀ ਖਾਂਣਾਂ ਵਿੱਚੋਂ ਕਢੌਂਦੀ ਹੈ, ਅਤੇ ਉਸ ਨੂੰ ਖੁਦ ਹੀ ਵੇਚਦੀ ਹੈ, ਇਸ ਤੋਂ ਵੱਖਰਾ ਜੋ ਲੂਣ ਮਦਰਾਸ ਅਤੇ ਬੰਮਬਈ ਵਿੱਚ ਕਈ ਇੱਕ ਆਦਮੀਆਂ ਅਤੇ ਕੰਪਨੀਆਂ ਦੇ ਕਾਰ-ਖਾਨਿਆਂ ਵਿੱਚ ਬਨਦਾ ਹੈ ਉਸ ਤੇ ਟੈਕਸ ਲਾਇਆ ਜਾਂਦਾ ਹੈ, ਹਰ ਇੱਕ ਸੂਬੇ ਵਿਚ ਲਿਮਕ ਦਾ ਮੈਹਕਮਾ ਹੈ

ਕੁਲ ਹਿੰਦੋਸਤਾਨ ਵਿੱਚ ਸਨ ੧੯੧੧ ਵਿੱਚ ਤ੍ਰੈ ਕਰੋੜ ੨੬ ਲੱਖ ੪੬ ਹਜ਼ਾਰ ੭ ਸੌ ੭੨ ਮਨ ਲੂਣ ਪੈਦਾ ਹੋਇਆ, ਅਤੇ ਇੱਕ ਕਰੋੜ ੫੦ ਲੱਖ ੧੫ ਹਜ਼ਾਰ ਮਨ ਲੂਣ ਇੰਗਲਸਤਾਨ, ਜਰਮਨੀ, ਅਦਨ, ਅਰਬ, ਮਿਸਰ, ਸਪੇਨ, ਟਰਕੀ ਅਤੇ ਦੂਜੇ ਦੇਸ਼ਾਂ ਤੋਂ ਮੰਗਾਇਆ ਗਿਆ,

ਸਨ ੧੯੦੦ ਦੇ ਕਰੀਬ ਲੂਣ ਉੱਤੇ ਇਤਨਾ ਜ਼ਿਆਦਾ ਟੈਕਸ ਸੀ, ਕਿ ਜ਼ਮੀਨ ਦੇ ਲਗਾਨ ਤੋਂ ਬਿਨਾਂ ਸਾਰੇ ਟੈਕਸਾਂ ਨਾਲੋਂ ਜ਼ਿਆਦਾ ਆਮਦ-ਨੀ ਵਸੂਲ ਹੋਈ ਸੀ, ਉਸ ਵੇਲੇ ਟੈਕਸ ਢਾਈ ਰੁਪੱਏ ਮਣ ਸੀ,

ਸਨ ੧੯੦੩ ਵਿੱਚ ਟੈਕਸ ਦੋ ਰੁਪੈਯਾ ਮਨ ਕੀਤਾ ਗਿਆ, ਸਨ ੧੯੦੫ ਵਿੱਚ ਡੇਢ੍ਹ ਰੁਪੈਯਾ ਮਨ ਅਤੇ ਸਨ ੧੯੦੭ ਵਿੱਚ ਇੱਕ ਰੁਪੈਯਾ ਮਨ ਤੱਕ ਘਟਾਇਆ ਗਿਆ, ਕਿ ਪ੍ਰਜਾ ਖੁਸ਼ ਹੋ ਜਾਵੇ, ਕਿ ਹੁਨ ਟੈਕਸ ਇੱਕ ਰੁਪੈਯਾ ਮਨ ਹੈ, ਅਤੇ ਪੰਜਾਬ ਵਿੱਚ ਲੂਣ ਦਾ ਭਾ ਤਕਰੀਬਨ ਇੱਕ ਰੁਪੈਯਾ ਸਵਾ ਗਿਆਰਾਂ ਆਨੇ ਮਣ ਹੈ, ਜੇਕਰ ਲੂਣ ਦਾ ਟੈਕਸ ਨਾ ਹੋਵੇ, ਤਾਂ ਲੂਣ ਦਾ ਮੁੱਲ ਸਿਰਫ ਸਵਾ ਗਿਆਰਾਂ ਆਨੇ ਮਣ ਰਹਿ ਜਾਵੇ, ਦੇਖੀਏ ਕਿ ਹੁਨ ਭੀ ਲੂਣ ਉੱਤੇ ਡੇਢ੍ਹ ਸੌ ਫੀ ਸਦੀ ਟੈਕਸ ਹੈ, ਸਨ ੧੯੦੦ ਵਿੱਚ ਤਾਂ ਕੋਈ ਹੱਦ ਬੱਨਾ ਹੀ ਨਹੀਂ ਸੀ, ਉਸ ਵੇਲੇ ਢਾਈ ਰੁਪੈਯਾ ਇੱਕ ਮਣ ਟੈਕਸ ਸੀ, ਅਤੇ ਲੂਣ ਦਾ ਭਾ ਪੰਜਾਬ ਵਿੱਚ ਤਕਰੀਬਨ ਤਿਨ ਰੁਪੈਏ ਢਾਈ ਆਨਾ ਮਣ ਸੀ, ਯਾਨੀ ਅਸਲ ਕੀਮਤ ਉੱਤੇ ਢਾਈ ਸੌ ਫੀ ਸਦੀ ਟੈਕਸ ਸੀ! ਅਜੇਹੇ ਟੈਕਸ ਕਿਸੇ ਭੀ ਜ਼ਾਲਮ ਰਾਜ ਵਿੱਚ ਨਹੀਂ ਸੁਨੇ ਗਏ, ਲੂਣ ਉੱਤੇ ਟੈਕਸ ਹੋਨ ਕਰਕੇ ਗ਼ਰੀਬਾਂ ਅਤੇ ਪਸ਼ੂਆਂ ਨੂੰ ਕਾਫ਼ੀ ਨਿਮਕ ਖਾਣ੍ਹ ਨੂੰ ਨਹੀਂ ਮਿਲਦਾ, ਇਉਂ ਤਾਂ ਮਾਲੂਮ ਹੁੰਦਾ ਹੈ, ਕਿ ਇੱਕ ਸੇਰ ਲੂਣ ਦਾ ਮੁੱਲ ਵਧ ਘਟ ਹੋਨ ਨਾਲ ਪ੍ਰਜਾ ਨੂੰ ਜ਼ਿਆਦਾ ਨੁਕਸਾਨ ਨਹੀਂ ਹੁੰਦਾ ਹੋਵੇਗਾ, ਪਰ ਅੰਕਾਂ ਉੱਤੇ ਧਿਆਨ ਕਰਨ ਨਾਲ ਮਾਲੂਮ ਹੁੰਦਾ ਹੈ, ਕਿ ਗ਼ਰੀਬਾਂ ਅਤੇ ਪਸ਼ੂਆਂ ਨੂੰ ਕਾਫੀ ਨਿਮਕ ਮਿਲਨਾ ਮੁਸ਼ਕਲ ਹੈ, ਜੇਕਰ ਕੀਮਤ ਜ਼ਿਆਦਾ ਕਰ ਦਿੱਤੀ ਜਾਵੇ! ਹਿੰਦੋਸਤਾਨੀਆਂ ਦੀ ਔਸਤ ਆਮਦਨੀ ਸਵਾ ਆਨਾ ਰੋਜ਼ ਹੈ, ਅਤੇ ਲੱਖਾਂ ਆਦਮੀਆਂ ਦੀ ਆਮਦਨੀ ਇਸ ਤੋਂ ਭੀ ਘਟ ਹੈ, ਕਿਉਂਕਿ ਕਿਤਨੇ ਹੀ ਰਾਜਾ ਨਵਾਬ ਸੇਠ ਸਾਹੂਕਾਰ ਭੀ ਦੇਸ ਵਿੱਚ ਵਸਦੇ ਹਨ, ਪਰ ਗ਼ਰੀਬ ਕ੍ਰਿਸਾਨਾਂ ਅਤੇ ਮਜ਼ੂਰਾਂ ਨੂੰ ਲੂਣ ਖਰੀਦਨ ਵਿੱਚ ਭੀ ਕੌੜੀ ੨ ਦਾ ਖਿਆਲ ਰਖਨਾ ਪੈਂਦਾ ਹੈ, ਜੇਕਰ ਪਸ਼ੂਆਂ ਦੇ ਵਾਸਤੇ ਕਾਫੀ ਲੂਣ ਨਹੀਂ ਖਰੀਦਿਆ ਜਾ ਸਕਦਾ ਤਾਂ ਉਹਨਾਂ ਨੂੰ ਨੁਕਸਾਨ ਪੌਹੰਚਦਾ ਹੈ,

ਲੂਣ ਕੋਈ ਥੁਠ ਯਾ ਥੂਠੀ ਤਾਂ ਹੈ ਹੀ ਨਹੀਂ, ਕਿ ਖਾਹਮਖਾਹ ਲੋਕ ਸੁਆਦ ਵਾਸਤੇ ਜ਼ਿਆਦਾ ਖਾ ਜਾਨਗੇ, ਲੂਣ ਸਿਰਫ ਲੋੜ

ਦੇ ਮੁਤਾਬਕ ਖਾਂਦਾ ਜਾਂਦਾ ਹੈ, ਤਾਂ ਨਤੀਜਾ ਏਹ ਨਿਕਲਿਆ ਕੇ ਚੌਹਲੇ ਪ੍ਰਜਾ ਨੂੰ ਆਪਨੇ ਵਾਸਤੇ ਆਪਨੇ ਬਚਿਆਂ ਵਾਸਤੇ ਅਤੇ ਪਸੂਆਂ ਵਾਸਤੇ ਕਾਫੀ ਨਿਮਕ ਨਹੀਂ ਮਿਲਦਾ ਸੀ, ਅਤੇ ਜੇਕਰ ਹੁਨ ਭੀ ਨਿਮਕ ਦਾ ਟੈਕਸ ਘਟਾ ਦਿਤਾ ਜਾਵੇ, ਤਾਂ ਲੋਕ ਜ਼ਿਆਦਾ ਲੂਣ ਨੂੰ ਵਰਤਣ ?

ਮਲੂਮ ਹੁੰਦਾ ਹੈ ਕੇ ਜਦ ਢਾਈ ਰੁਪੈਯਾ ਇਕ ਮਣ ਨੂੰ ਟੈਕਸ ਸੀ, ਤਾਂ ਤਿਨ ਕਰੋੜ ੯੯ ਲੱਖ ਮਣ ਲੂਣ ਸਾਰੇ ਹਿੰਦੋਸਤਾਨ ਵਿੱਚ ਵਰਤਿਆ ਗਿਆ, ਜਦ ਟੈਕਸ ਦੋ ਰੁਪੈਯਾ ਮਣ ਸੀ, ਤਾਂ ੪ ਕਰੋੜ ਦੋ ਲੱਖ ਮਣ; ਜਦ ਡੇਢ ਰੁਪੈਯਾ ਮਣ ਟੈਕਸ ਸੀ, ਤਾਂ ੪ ਕਰੋੜ ੩੮ ਲਖ ਮਣ, ਜਦ ਇਕ ਰੁਪੈਯਾ ਮਣ ਹੋ ਗਿਆ ਤਾਂ ਸਨ ੧੯੧੧ ਵਿੱਚ ੪ ਕਰੋੜ ੮੨ ਲਖ ਮਣ ਲੂਣ ਵਰਤਿਆ ਗਿਆ, ਯਾਨੀ ਟੈਕਸ ਦੇ ਘਟ ਕਰਨ ਨਾਲ ਦਸਾਂ ਸਾਲਾਂ ਵਿਚ ਲੂਣ ਦਾ ਖਰਚ ੩੩ ਫੀ ਸਦੀ ਵਧ ਗਿਆ, ਇਸ ਤੋਂ ਸਾਫ਼ ਜ਼ਾਹਰ ਹੈ, ਕੇ ਅੰਗ੍ਰੇਜ਼ੀ ਰਾਜ ਵਿੱਚ ਪ੍ਰਜਾ ਪੇਟ ਭਰਕੇ ਪੂਰਾ ਲੂਣ ਭੀ ਨਹੀਂ ਖਾ ਸਕਦੀ, ?

ਟੈਕਸ ਦੇ ਘਟਣੇ ਨਾਲ ਲੂਣ ਦਾ ਮੁਲ ਭੀ ਘਟ ਗਿਆ ਹੈ ਜਿਓਂ ਜਿਓਂ ਟੈਕਸ ਘਟ ਹੁੰਦਾ ਗਿਆ, ਬਾਜ਼ਾਰ ਵਿੱਚ ਲੂਣ ਦਾ ਭਾ ਭੀ ਘਟ ਹੁੰਦਾ ਗਿਆ, ਕਿਤਨੇ ਹੀ ਲੋਕ ਅਕਸਰ ਦੁਕਾਨ ਵਾਲੇ ਨੂੰ ਬੁਰਾ ਭਲਾ ਆਖਦੇ ਹਨ, ਕੇ ਇਸ ਨੇ ਲੂਣ ਦੀ ਕੀਮਤ ਵਧਾ ਦਿਤੀ ਹੈ, ਅਸਲ ਵਿੱਚ ਦੁਕਾਨਦਾਰ ਦਾ ਇਤਨਾ ਕਸੂਰ ਨਹੀਂ ਹੁੰਦਾ ਹੈ, ਲੂਣ ਦੇ ਟੈਕਸ ਵਿੱਚੋਂ ਜਿਤਨੀ ਕਮੀ ਹੋਈ ਉਸਦਾ ਪੂਰਾ ਫਾਇਦਾ ਪ੍ਰਜਾ ਨੂੰ ਮਿਲ ਗਿਆ, ਕਿਉਂਕੇ ਜਦ ਟੈਕਸ ਢਾਈ ਰੁਪੈਯਾ ਮਣ ਸੀ, ਤਾਂ ਲੂਣ ਦੀ ਕੀਮਤ ਤਿੰਨ ਰੁਪੈਯਾ ਢਾਈ ਆਨੇ ਫੀ ਮਣ ਸੀ, ਜਦ ਟੈਕਸ ਦੋ ਰੁਪੈਯਾ ਸੀ, ਤਾਂ ਨਿਮਕ ਦਾ ਦਾਮ ਦੋ ਰੁਪਯਾ ਬਾਰਾਂ ਆਨੇ ਹੋ ਗਿਆ, ਜਦ ਟੈਕਸ ਡੇਢ ਰੁਪੈਯਾ ਮਣ ਹੂਆ, ਤਾਂ ਲੂਣ ਦਾ ਨਿਰਖ ਦੋ ਰੁਪੈਯਾ ਸਾਢੇ ਤੀਨ ਆਨਾ ਹੋ ਗਿਆ, ਜਦ ਟੈਕਸ ਇਕ ਰੁਪੈਯਾ ਮਣ ਕੀਤਾ

ਗਿਆ, ਤਾਂ ਸਨ ੧੯੧੧ ਵਿਚ ਲੂਣ ਦਾ ਭਾ ਇੱਕ ਰੁਪੈਯਾ ਸਵਾ ਪਾਰਾਂ ਆਨੇ ਹੋ ਗਿਆ, ਪੈਹਲਾਂ ਜੋ ਲੂਣ ਦੀ ਕੀਮਤ ਜ਼ਿਆਦਾ ਸੀ ਉਹ ਸਾਰੀ ਸਰਕਾਰ ਦੇ ਖਜ਼ਾਨੇ ਵਿੱਚ ਜਾਂਦੀ ਸੀ,

ਗਵਰਮਿੰਟ ਦੀ ਆਮਦਨੀ ਦਸ ਸਾਲ ਘਟਦੀ ਹੀ ਗਈ ਹੈ; ਮਗਰ ਹੁਨ ਭੀ ਸਨ ੧੯੧੧ ਵਿੱਚ ੪ ਕਰੋੜ ੧੫ ਲੱਖ ੨੩ ਹਜ਼ਾਰ ੬ ਸੌ ਨੱਵੇ ਰੁਪੱਏ ਸੀ! ਪਿਛਲੇ ਦਸ ਸਾਲ ਦਾ ਵੇਰਵਾ ਇਹ ਹੈ!

| | | | | | | | | | |
|---|---|---|---|---|---|---|---|---|---|
| ਸਨ ੧੯੦੨ | ਵਿੱਚ | ੮ | ਕਰੋੜ | ੩੭ | ਲੱਖ | ੯੦ | ਹਜ਼ਾਰ | ੬੮੦ | ਰੁਪੱਏ |
| " ੧੯੦੩ | " | ੬ | " | ੯੭ | " | ੫੭ | " | ੪੯੫ | " |
| " ੧੯੦੪ | " | ੭ | " | ੧੨ | " | ੨੫ | " | ੬੬੦ | " |
| " ੧੯੦੫ | " | ੫ | " | ੬੨ | " | ੧ | " | ੫੯੫ | " |
| " ੧੯੦੬ | " | ੫ | " | ੫੯ | " | ੬੦ | " | ੨੬੦ | " |
| " ੧੯੦੭ | | ੪ | " | ੬ | " | ੩੩ | " | ੪੧੦ | " |
| " ੧੯੦੮ | | ੩ | " | ੯੯ | " | ੮੩ | " | ੯੨੫ | " |
| " ੧੯੦੯ | | ੪ | " | ੮ | " | ੫੮ | " | ੫੬੦ | " |
| " ੧੯੧੦ | | ੩ | " | ੮੦ | " | ੯੫ | " | ੩੬੫ | " |
| " ੧੯੧੧ | | ੪ | " | ੧੫ | " | ੨੩ | " | ੬੯੦ | " |
| ਕੁਲ ਰਕਮ | | ੫੩ | ਕਰੋੜ | ੪੦ | ਲੱਖ | ੩੦ | ਹਜ਼ਾਰ | ੬੪੦ | |

ਖਿਆਲ ਕਰੋ, ਕਿ ੫੪ ਕਰੋੜ ਰੁਪੱਯਾ ਹਿੰਦੁਸਤਾਨ ਦੇ ਗ਼ਰੀਬ ਕਿਸਾਨਾਂ ਅਤੇ ਮਜ਼ੂਰਾਂ ਪਾਸੋਂ ਗਵਰਮਿੰਟ ਨੇ ਸਿਰਫ ਲੂਣ ਉੱਤੇ ਟੈਕਸ ਲਗਾ ਕੇ ਲੁਟਿੱਆ, ਜੇ ਕਰ ਇਹ ਰੁਪੱਯਾ ਪ੍ਰਜਾ ਦੇ ਪਾਸ ਰੈਂਹਦਾ, ਤਾਂ ਜਰੂਰ ਗ਼ਰੀਬਾਂ ਦਾ ਕੁਛ ਚੰਗਾ ਹਾਲ ਹੁੰਦਾ, ਪਰ ਜ਼ਾਲਮ ਫਰੰਗੀਆਂ ਨੇ ਇਹਨਾਂ ਪਾਸੋਂ ਇਹ ਰੁਪੱਯਾ ਨਾਚ ਰੰਗਾ ਮੁਰਗ਼ੀ ਆਂਡੇ ਉਡਾ ਖਰਾਬ ਕਰ ਦਿੱਤਾ!

ਕੁਦਰਤ ਨੇ ਲੂਣ ਸਾਰੇ ਮਨੁੱਖਯਾ ਮਾਤ੍ਰ ਵਾਸਤੇ ਮੁਫਤ ਪੈਦਾ ਕੀਤਾ ਹੈ, ਪਰ ਸਰਕਾਰ ਇਸ ਤੇ ਟੈਕਸ ਲਾ ਕੇ ਪ੍ਰਜਾ ਨੂੰ ਕਾਫੀ ਲੂਣ ਨ੍ਹ

ਭੀ ਨਹੀ ਖਾਣ ਦੇਂਦੀ, ਲੂਣ ਕਿਸੇ ਆਦਮੀ ਯਾ ਰਾਜੇ ਦੀ ਮਲਕੀਅਤ ਨਹੀ ਹੈ, ਕਿਉਂਕਿ ਖਾਣਾਂ ਯਾ ਝੀਲ ਸਾਂਬੂ ਯਾ ਸਮੁੰਦਰ ਦਾ ਪਾਣੀ ਕਿਸੇ ਗੌਰਮਿੰਟ ਨੇ ਤਾਂ ਨਹੀ ਬਨਾਇਆ, ਪਸ ਜੇਕਰ ਲੂਣ ਨੂੰ ਕਢੱਣ ਅਤੇ ਤਯਾਰ ਕਰਨ ਦੇ ਪੈਸੇ ਖਰਚ ਦੇ ਹਿਸਾਬ ਨਾਲ ਲਏ ਜਾਂਣ ਤਾਂ ਸਭ ਨੂੰ ਲੂਣ ਕਾਫੀ ਮਿਲ ਸਕਦਾ ਹੈ!

ਪਰ ਹਿੰਦੋਸਤਾਨ ਵਿੱਚ ਇਹ ਅੰਧੇਰ ਹੈ, ਕਿ ਪੇਲੇ ਦੀ ਬੁੱਢੀ ਪਰ ਟਕਾ ਸਿਰ ਮੁਨਾਈ, ਕੁਦਰਤ ਇੱਕ ਚੀਜ਼ ਜ਼ਿੰਦਗੀ ਦੀਆਂ ਲੋੜਾਂ ਵਿੱਚੋਂ ਸਾਨੂੰ ਮੁਫਤ ਦੇਂਦੀ ਹੈ, ਪਰ ਜ਼ਾਲਮ ਗੌਰਮਿੰਟ ਵਿੱਚੋਂ ਹੀ ਉਡਾ ਲੈਂਦੀ ਹੈ, ਅਜੇਹੀ ਗੌਰਮਿੰਟ ਨੂੰ ਬੌਹਤ ਛੇਤੀ ਦੁਨੀਯਾਂ ਤੋਂ ਮਲੀਯਾਮੇਟ ਕਰ ਦੇਣਾ ਚਾਹੀਦਾ ਹੈ!

## (੪) ਗੌਰਮਿੰਟ ਦੀ ਆਮਦਨੀ

## ਅਰਬ ਤੋਂ ਜਿਆਦਾ ਰੁਪੈਯਾ

ਅਗਰ ਹਿੰਦੋਸਤਾਨੀਆਂ ਨੂੰ ਮਾਲੂਮ ਹੋਵੇ, ਕਿ ਸਰਕਾਰ ਅੰਗ੍ਰੇਜ਼ੀ ਦੀ ਕਿਤਨੀ ਕੁਲ ਆਮਦਨੀ ਹੈ, ਤਾਂ ਉਹਨਾਂ ਦੀਆਂ ਅੱਖਾਂ ਖੁੱਲ ਜਾਂਣ, ਅਤੇ ਸੋਚਣ, ਕਿ ਇਹ ਬੇ ਹਦ ਰੁਪੈਯਾ ਕਿਸ ਅਤੇ ਕਿੱਥੇ ਖਰਚ ਕੀਤਾ ਜਾਂਦਾ ਹੈ, ਅੰਗ੍ਰੇਜ਼ੀ ਗੌਰਮਿੰਟ ਦੀ ਆਮਦਨੀ ਲੱਖ, ਕਰੋੜ, ਤੋਂ ਵਧਕੇ ਅਰਬ ਤੱਕ ਦੇ ਅੰਗਾਂ ਵਿੱਚ ਪੌਹੰਚ ਗਈ ਹੈ, ਇਹ ਡਾਕੂ ਸਰਕਾਰ ਸਾਰੇ ਦੇਸ਼ ਦੀਆਂ ਨੁਕੱਰਾਂ ਅਤੇ ਖੂੰਦਰਾਂ ਵਿੱਚੋਂ ਪੈਸਾ ਖਿੱਚ ਕੇ ਆਪਨੇ ਖਜ਼ਾਨੇ ਵਿੱਚ ਜਮਾ ਕਰਦੀ ਹੈ, ਅਤੇ ਖਜ਼ਾਨੇ ਦਾ ਦਫਤਰ ਜੋ ਦਰ ਅਸਲ ਡਾਕੂਆਂ ਦੇ ਰਹਿਨ ਵਾਲੀ ਜਗਾ ਹੈ ਜਿੱਥੇ ਉਹ ਆਪਨਾ ਮਾਲ ਛੁਪੈਂਦੇ ਹਨ, ਜਿਸ ਨੂੰ ਅਲੀ ਬਾਬਾ ਦੇ ਕਿੱਸੇ ਵਿੱਚ ਪੜ੍ਹਿਆ ਹੈ, ਪਿਛਲੇ ਦਸ ਸਾਲ ਦੀ ਆਮਦਨੀ ਦਾ ਨਕਸ਼ਾ ਹੇਠਾਂ ਦਰਜ ਹੈ,

ਸਨ ੧੯੦੨ ਵਿੱਚ ੮੯ ਕਰੋੜ ੯੦ ਲੱਖ ੩੦ ਹਜਾਰ ੮ ਸੌ ਰੁਪੈਯਾ

| | | | | | |
|---|---|---|---|---|---|
| ਸਨ ੧੯੦੩ ਵਿੱਚ | ੧ ਅਰਬ | ੫ ਕਰੋੜ | ੨੩ ਲੱਖ | ੩੫ ਹਜਾਰ | ੭੧੫ ਰੁਪੈਏ |
| " ੧੯੦੪ | " ੧ | " ੫ | " ੭੧ | " ੫੨ | " ੯੯੫ " |
| " ੧੯੦੫ | " ੧ | " ੪ | " ੮੪ | " ੩੯ | " ੭੯੫ " |
| " ੧੯੦੬ | " ੧ | " ੮ | " ੪੦ | " ੬੭ | " ੧੭੫ " |
| " ੧੯੦੭ | " ੧ | " ੫ | " ੪੨ | " ੬੯ | " ੫੭੦ " |
| " ੧੯੦੮ | " ੧ | " ੩ | " ੭੩ | " ੯੮ | " ੯੨੫ " |
| " ੧੯੦੯ | " ੧ | " ੧੦ | " ੮੨ | " ੩੪ | " ੩੨੦ " |
| " ੧੯੧੦ | " ੧ | " ੧੯ | " ੫੫ | " ੯੯ | " ੨੪੦ " |
| " ੧੯੧੧ | " ੧ | " ੨੨ | " ੭ | " ੫੦ | " ੮੫ " |

ਧਿਆਨ ਕਰੋ, ਕਿ ਇਹ ਅਨਗਿਣਤ ਰੁਪੈਆ ਹਰ ਸਾਲ ਸਰਕਾਰੀ ਖਜ਼ਾਨੇ ਵਿੱਚ ਜਾਂਦਾ ਹੈ, ਪਰ ਹਿੰਦੋਸਤਾਨ ਦੇ ਕ੍ਰਿਸਾਨ ਅਤੇ ਮਜ਼ੂਰ ਕਦੀ ਨਹੀ ਪੁਛਦੇ, ਕਿ ਇਹ ਰੁਪੈਆ ਕਿਸ ਤ੍ਰਾਂ ਖਰਚ ਕੀਤਾ ਜਾਂਦਾ ਹੈ, ਗੌਰਮਿੰਟ ਧਨਵਾਨ ਅਤੇ ਪ੍ਰਜਾ ਗ਼ਰੀਬ! ਇਹ ਹਨੇਰ ਹਿੰਦੋਸਤਾਨ ਵਿੱਚ ਹੀ ਹੈ, ਜੇ ਕਰ ਏਸੇ ਤ੍ਰਾਂ ਸਰਕਾਰੀ ਆਮਦਨੀ ਵਧਦੀ ਰਹੀ, ਤਾਂ ਬੌਹਤ ਛੇਤੀ ਹਿੰਦੋਸਤਾਨ ਫ਼ਕੀਰਾਂ ਦਾ ਦਾਇਰਾ ਬਨ ਜਾਵੇਗਾ, ਬਸ ਛੇਤੀ **ਗ਼ਦਰ** ਕਰਕੇ ਇਸ ਰੁਪੈਏ ਨੂੰ ਆਪਨੇ ਲਾਭ ਹਿਤ ਵਰਤੋ!

## (੫) ਜੰਗਲਾਂ ਦੀ ਆਮਦਨੀ

ਕੁਦਰਤ ਨੇ ਜੋ ਨਿਆਮਤਾਂ ਪ੍ਰਜਾ ਦੇ ਸੁਖ ਵਾਸਤੇ ਦਿਤੀਆਂ ਹਨ, ਉਹਨਾਂ ਨੂੰ ਅੰਗ੍ਰੇਜੀ ਸਰਕਾਰ ਥੋੜੇ ਅੰਗ੍ਰੇਜ਼ਾਂ ਵਾਸਤੇ ਰੋਕ ਲੈਂਦੀ ਹੈ, ਜਿਸ ਤ੍ਰਾਂ ਲੂਣ ਦਾ ਟੈਕਸ ਲੈ ਕੇ ਰੁਪੈਆ ਕਮਾਯਾ ਹੈ, ਉਸੇ ਤ੍ਰਾਂ ਜੰਗਲਾਂ ਨੂੰ ਬੰਦ ਕਰਕੇ ਅਤੇ ਪ੍ਰਜਾ ਨੂੰ ਜੰਗਲਾ ਦੇ ਫਾਇਦਿਆਂ ਤੋਂ ਪਰੇ ਕਰਕੇ ਭੀ ਬੌਹਤ ਆਮਦਨੀ ਕੀਤੀ ਹੈ, ਜੰਗਲ ਕਿਸੇ ਰਾਜੇ ਦੀ ਜਾਇਦਾਦ ਨਹੀਂ ਹੈ, ਜੰਗਲ ਪ੍ਰਜਾ ਵਾਸਤੇ ਕੁਦਰਤ

ਨੇ ਬਖਸ਼ੇ ਹਨ, ਬਸ ਜੰਗਲਾਂ ਤੋਂ ਆਮਦਨੀ ਵਸੂਲ ਕਰਨਾ ਇੱਕ ਨਹੈਤ ਕਮੀਨਾ ਅਤੇ ਜ਼ਾਲਮਾਨਾ ਕੰਮ ਹੈ,

ਹਿੰਦੋਸਤਾਨ ਵਿੱਚ ਸਰਕਾਰੀ ਜੰਗਲਾਤ ਦਾ ਰਕਬਾ ਪਿਛਲੇ ਦਸ ਸਾਲ ਵਿੱਚ ੧੨ ਫੀ ਸਦੀ ਤੋਂ ਜ਼ਿਆਦਾ ਵਧ ਗਿਆ ਹੈ, ਸਨ ੧੯੦੧ ਵਿੱਚ ਦੋ ਲੱਖ ੬ ਹਜ਼ਾਰ ੮ ਸੌ ਉਨਾਸੀ ਮੁਰੱਬਾ ਮੀਲ ਸੀ, ਅਤੇ ਸਨ ੧੯੧੦ ਵਿੱਚ ਦੋ ਲੱਖ ੪੨ ਹਜ਼ਾਰ ੯੩੫ ਮੁਰੱਬਾ ਮੀਲ ਹੋ ਗਿਆ ਹੈ, ਇਸ ਤੋਂ ਮਾਲੂਮ ਹੁੰਦਾ ਹੈ, ਕਿ ਸਰਕਾਰ ਦੀ ਦਿਲ ਖੁਲਵੀਂ ਲੁੱਟ ਖੂਬ ਜਾਰੀ ਹੈ, ਕਿਉਂਕਿ ਜਿੱਥੇ ਕਿੱਥੇ ਜ਼ਮੀਨ ਦਾ ਟੋਟਾ ਮਿਲ ਜਾਂਦਾ ਹੈ, ਉਸ ਨੂੰ ਘੇਰ ਕੇ ਸਰਕਾਰ ਜ਼ਮੀਨ ਬਨਾ ਦੇਂਦੇ ਹਨ!

ਜੇ ਕਰ ਕੋਈ ਗ਼ਰੀਬ ਆਦਮੀ ਜੰਗਲ ਵਿੱਚੋਂ ਲਕੜੀ ਲੈ ਲਵੇ, ਯਾ ਪਸੂ ਚਰਨੇ ਛਡ ਦੇਵੇ, ਤਾਂ ਉਸ ਤੇ ਮੁਕਦਮਾ ਬਨਾਇਆ ਜਾਂਦਾ ਹੈ, ਕਿਉਂਕਿ ਸਰਕਾਰ ਨੇ ਆਪਨੇ ਫਾਇਦੇ ਵਾਸਤੇ ਸਾਰੇ ਜੰਗਲ ਅਲਗ ਰੱਖੇ ਹਨ, ਸਨ ੧੯੦੧ ਵਿੱਚ ਗ਼ਰੀਬਾਂ ਤੇ ਸਰਕਾਰ ਨੇ ਕੁਲ ਮੁਕਦਮੇ ੨੧ ਹਜਾਰ ੮੮੧ ਕੀਤੇ ਸਨ, ਅਤੇ ਸਨ ੧੯੧੨ ਵਿੱਚ ਕੁਲ ਮੁਕਦਮੇ ੯੬ ਹਜਾਰ ੪੩੮ ਹੋਏ, ਗ਼ੌਰ ਕਰੋ! ਕਿ ਇਤਨੇ ਗ਼ਰੀਬ ਆਦਮੀਆਂ ਨੂੰ ਸਰਕਾਰ ਨੇ ਏਸ ਵਜਾ ਕਰਕੇ ਤਕਲੀਫ਼ ਦਿੱਤੀ, ਕਿ ਇਹਨਾਂ ਨੇ ਜੰਗਲ ਵਿੱਚੋਂ ਲਕੜੀ ਲਈ ਸੀ! ਜਾਂ ਕਿਸੇ ਹੋਰ ਤ੍ਰਾਂ ਕੁਦਰਤੀ ਹਕੂਕ ਪਾਸੋਂ ਲਾਭ ਉਠਾਇਆ ਸੀ!

ਜੰਗਲਾਂ ਦੀ ਆਮਦਨੀ ਦਾ ਨਕਸ਼ਾ ਹੇਠ ਹੈ!

ਸਨ ੧੯੦੧ ਵਿੱਚ ੧ ਕਰੋੜ ੭੩ ਲੱਖ ੯੦ ਹਜ਼ਾਰ ੩੨੫ ਰੁਪੈਏ
" ੧੯੦੨ " ੧ " ੯੪ " ੭੧ " ੫੪੫ "
" ੧੯੦੩ " ੨ " ੨੩ " ੧੬ " ੭੪੦ "
" ੧੯੦੪ " ੨ " ੪੦ " ੨੯ " ੪੯੦ "
" ੧੯੦੫ " ੨ " ੬੬ " ੯੩ " ੯੨੫ "

| | | | | | | | | | | |
|---|---|---|---|---|---|---|---|---|---|---|
| ਸਨ | ੧੯੦੬ | ਵਿੱਚ | ੨ | ਕਰੋੜ | ੬੫ | ਲੱਖ | ੩੩ | ਹਜਾਰ | ੬੬੫ | ਰੁਪੱਏ |
| ,, | ੧੯੦੭ | ,, | ੨ | ,, | ੫੯ | ,, | ੮੯ | ,, | ੧੫੦ | ,, |
| ,, | ੧੯੦੮ | ,, | ੨ | ,, | ੫੫ | ,, | ੧੩ | ,, | ੪੮੦ | ,, |
| ,, | ੧੯੦੯ | ,, | ੨ | ,, | ੬੦ | ,, | ੩੦ | ,, | ੭੯੦ | ,, |
| ,, | ੧੯੧੦ | ,, | ੨ | ,, | ੭੪ | ,, | ੪੩ | ,, | ੩੫੫ | ,, |
| ,, | ੧੯੧੧ | ,, | ੨ | ,, | ੯੨ | ,, | ੮੨ | ,, | ੬੨੫ | ,, |

ਜਦ ਗੁਰਮਿੰਟ ਨੇ ਇਤਨੀ ਬੇ ਹਦ ਲੁੱਟ ਮਾਰ ਸ਼ੁਰੂ ਕੀਤੀ ਹੋਈ ਹੈ, ਤਾਂ ਕੌਮ ਨੂੰ ਜਰੂਰੀ ਵਾਜਬ ਹੈ, ਕਿ ਬਦ ਜ਼ਾਤ ਫਰੰਗੀਆਂ ਨੂੰ ਆਪਨੇ ਪਿਆਰੇ ਦੇਸ਼ ਵਿਚੋਂ ਕਢ ਕੇ ਸਭ ਜੰਗਲਾਂ ਨੂੰ ਆਪਨੇ ਕਬਜ਼ੇ ਵਿੱਚ ਲੈ ਕੇ ਆਪਨੇ ਲਾਭ ਹਿਤ ਵਰਤੇ!

## (੯) ਫੌਜ ਵਾਸਤੇ ਖ੍ਰਚ

ਦਿਲ ਕੇ ਫਫੋਲੇ ਜਲ ਉਠੇ ਸੀਨੇ ਕੇ ਦਾਗ਼ ਸੇ
ਇਸ ਘਰ ਕੋ ਆਗ ਲਗ ਗਈ ਘਰ ਕੇ ਚਰਾਗ਼ ਸੇ

ਹਿੰਦੋਸਤਾਨ ਜਿਸ ਗ਼ੁਲਾਮੀ ਦੇ ਡੂੰਗੇ ਟੋਏ ਵਿੱਚ ਡੁਬਿਆ ਹੋਯਾ ਹੈ, ਉਸ ਦਾ ਪ੍ਰਤਖ ਨਸ਼ਾਨ ਅੰਗ੍ਰੇਜ਼ੀ ਫੌਜ ਦੀ ਮੌਜੂਦਗੀ ਹੈ, ਹਰ ਇੱਕ ਅੰਗ੍ਰੇਜੀ ਸਪਾਹੀ ਹਿੰਦੋਸਤਾਨੀਆਂ ਦੀ ਬਦ ਕ੍ਰਿਸਮਤੀ ਦਾ ਜਿੰਦਾ ਹਥਿਆਰ ਹੈ, **ਆਜ਼ਾਦੀ** ਦੇ ਨਾਲ ਇਹ ਫੌਜ ਦੇਸ਼ ਵਿਚੋਂ ਕਢ ਦਿੱਤੀ ਜਾਵੇਗੀ! ਗ਼ੁਲਾਮੀ ਦੇ ਕਾਰਨ ਹੋਰ ਹਨ, ਮਗਰ ਗੁਰਮਿੰਟ ਦੇ ਹੱਥ ਵਿੱਚ ਜ਼ੁਲਮ ਦਾ ਡੰਡਾ ਅਤੇ ਰਾਜ ਦਾ ਹਥਿਆਰ ਇਹ ਫੌਜ ਹੀ ਹੈ, ਇਹ ਮੋਟੇ ਸੰਡੇ ਮੁਫਤ ਲੜਨ ਮਰਨ ਵਾਸਤੇ ਹੀ ਰੱਖੇ ਜਾਂਦੇ ਹਨ! ਹਿੰਦੀ ਭੀ ਅਕਲ ਅਤੇ ਦੇਸ਼ ਭਗਤੀ ਨਾ ਹੋਨ ਦੇ ਕਾਰਨ ਅੰਗ੍ਰੇਜ਼ੀ ਫੌਜ ਵਿੱਚ ਭਰਤੀ ਹੋ ਜਾਂਦੇ ਹਨ, ਅਜੇਹੇ ਕਪੁਤ੍ਰਾਂ ਨੇ ਅਗਰ ਜਨਮ ਹੀ ਨਾ ਲੀਆ ਹੁੰਦਾ ਤਾਂ ਅੱਛਾ ਹੁੰਦਾ! ਇਸ ਵੇਲੇ ਅੰਗ੍ਰੇਜ਼ੀ ਫੌਜ ਤੇ ਮੁਲਕ ਦੇ

ਰੁਪੈਏ ਦਾ ਇੱਕ ਵੱਡਾ ਭਾਰਾ ਹਿੱਸਾ ਖ਼ਰਚ ਕੀਤਾ ਜਾਂਦਾ ਹੈ, ਫੌਜ ਨੂੰ ਖ਼ੁਸ਼ ਰਖਨਾ ਅੰਗ੍ਰੇਜ਼ੀ ਸਰਕਾਰ ਦਾ ਪੈਹਲਾ ਫਰਜ਼ ਹੈ, ਗੋਰੇ ਅਤੇ ਹਿੰਦੋਸਤਾਨੀ ਸਪਾਹੀ ਕ੍ਰਿਸਾਨ ਅਤੇ ਮਜ਼ੂਰਾਂ ਦੇ ਬੜੇ ਭਾਰੇ ਕਸ਼ਟ ਨਾਲ ਪੈਦਾ ਕੀਤੇ ਹੋਏ ਧਨ ਵਿੱਚੋਂ ਕਰੋੜਾਂ ਰੁਪੈਏ ਖਾ ਜਾਂਦੇ ਹਨ, ਅਤੇ ਟੈਕਸਾਂ ਦੇ ਵਧਨ ਦਾ ਇੱਕ ਕਾਰਨ ਇਹ ਭੀ ਹੈ!

ਪਿਛਲੇ ਪੰਜੀ ਸਾਲ ਵਿੱਚ ਫੌਜੀ ਖ਼ਰਚ ਤਕਰੀਬਨ ਦੂਨੇ ਹੋ ਗਏ ਹਨ, ਬਾਕੀ ਸਾਰੇ ਹਾਲਾਤ ਉੱਤੇ ਵਿਚਾਰ ਕਰਕੇ ਭੀ ਏਸ ਜ਼ਾਲਮ ਸਰਕਾਰ ਦੀ ਜ਼ਾਲਮਾਨਾ ਪਾਲੇਸੀ (ਰਵਸ਼) ਦਾ ਕਾਫੀ ਸਬੂਤ ਹੈ, ਪਲੇਗ ਨੂੰ ਦੇਸ਼ ਵਿੱਚੋਂ ਦੂਰ ਕਰਨ ਵਾਸਤੇ ਤਾਂ ਰੁਪੈਯਾ ਨਹੀਂ ਮਿਲਦਾ, ਮਗਰ ਫੌਜ ਦਾ ਪੇਟ ਭਰਨ ਵਾਸਤੇ ਰੁਪੈਯਾ ਨਿਕਲ ਔਂਦਾ ਹੈ,

| | | | | | | | |
|---|---|---|---|---|---|---|---|
| ਸਨ | ੧੮੮੫ | ਵਿੱਚ | ੧੭ | ਕਰੋੜ | ੫੦ | ਲਖ | ਰੁਪੈਯਾ |
| ” | ੧੮੮੯ | ” | ੨੦ | ” | ੬ | ” | ” |
| ” | ੧੮੯੫ | ” | ੨੪ | ” | ੩੧ | ” | ” |
| ” | ੧੯੦੦ | ” | ੨੯ | ” | ੪੪ | ” | ” |
| ” | ੧੯੦੪ | ” | ੨੭ | ” | ੨੧ | ” | ” |
| ” | ੧੯੦੫ | ” | ੩੧ | ” | ੩ | ” | ” |
| ” | ੧੯੧੦ | ” | ੨੮ | ” | ੬੬ | ” | ” |

ਏਹ ਨਕਸ਼ਾ ਦੇਖਨ ਤੋਂ ਮਾਲੂਮ ਹੁੰਦਾ ਹੈ, ਕਿ ਸਨ ੧੯੦੫ ਵਿੱਚ ਤਾਂ ਫੌਜੀ ਖ਼ਰਚ ੩੧ ਕਰੋੜ ਤਕ ਵੱਧ ਗਏ ਸਨ, ਅਤੇ ਸਨ ੧੮੮੫ ਵਿੱਚ ੧੭ ਕਰੋੜ ਸਨ, ਯਾਨੀ ੨੦ ਸਾਲਾਂ ਵਿੱਚ ੮੨ ਫੀ ਸਦੀ ਤੋਂ ਭੀ ਵੱਧ ਗਏ, ਅਤੇ ਹੁਨ ੩੦ ਕਰੋੜ ਦੇ ਕਰੀਬ ਹਨ, ਪੁਛਿਆ ਜਾਵੇ, ਕਿ ਇਹ ਰੁਪੈਯਾ ਹਰ ਸਾਲ ਕਿਸ ਕੰਮ ਵਾਸਤੇ ਖ਼ਰਚ ਹੁੰਦਾ ਹੈ, ਤਾਂ ਸਾਫ਼ ਉੱਤ੍ਰ ਮਿਲੇਗਾ, ਕਿ ਹਿੰਦੋਸਤਾਨੀਆਂ ਨੂੰ ਗ਼ੁਲਾਮੀ ਵਿੱਚ ਰਖਨ ਵਾਸਤੇ!

ਕਿਤਨੇ ਅਫ਼ਸੋਸ ਅਤੇ ਸ਼ਰਮ ਦੀ ਗਲ ਹੈ ਕਿ ਹਿੰਦੋਸਤਾਨ ਦੇ ਰੁਪੈਏ ਨਾਲ ਹਿੰਦ ਵਾਸੀਆਂ ਨੂੰ ਖੁਆਰ ਕੀਤਾ ਜਾਂਦਾ ਹੈ.

ਗੁਲਾਮ ਕੌਮ ਆਪਨੀ ਜੇਬ ਵਿੱਚੋਂ ਰੁਪੈਯਾ ਖ਼ਰਚ ਕਰਕੇ ਰਾਜ ਨਹੀ ਕਰਦੀ ਹੈ, ਸਾਰਾ ਰੁਪੈਯਾ ਗੁਲਾਮ ਪ੍ਰਜਾ ਤੋਂ ਲਿਆ ਜਾਂਦਾ ਹੈ, ਅਤੇ ਓਸੇ ਰੁਪੈਏ ਵਿੱਚੋਂ ਉਹਨਾਂ ਦੇ ਪੈਰਾਂ ਵਿੱਚ ਬੇੜੀਆਂ ਪਾਈਆਂ ਜਾਂਦੀਆਂ ਹਨ, ਹਿੰਦੋਸਤਾਨੀ ਅਜੇਹੇ ਬੇ ਵਕੂਫ਼ ਅਤੇ ਬੇ ਹਿੰਮਤ ਹਨ, ਕਿ ਆਪਨੀ ਹੀ ਜੁੱਤੀ ਆਪਨੇ ਹੀ ਸਿਰ ਵਜਦੀ ਦੇਖਦੇ ਹੋਏ **ਗ਼ਦਰ** ਕਰਨ ਨੂੰ ਤਯਾਰ ਨਹੀ ਹੁੰਦੇ, ਪ੍ਰ ਹੁਨ ਵਕ਼ਤ ਆ ਗਿਆ ਹੈ, ਕਿ ਇਹ ਅੰਧੇਰ ਦੂਰ ਹੋ, ਅਤੇ ਹਿੰਦੋਸਤਾਨ ਏਸ ਭਾਰੀ ਬੋਝ ਤੋਂ ਛੁਟਕਾਰਾ ਪਾਵੇ, ਜੋ ਉਹਦੀ ਪਿੱਠ ਤੇ ਲਦਿੱਆ ਹੋਇਆ ਹੈ, ਤਦ ਇੱਕ ਦਿਨ ਸਾਰੀ ਅੰਗ੍ਰੇਜ਼ੀ ਫੌਜ ਨੂੰ ਸ਼ਿਕਸਤ ਦੇ ਕੇ ਬੌਹਤ ਸਾਲਾਂ ਦੇ ਜ਼ੁਲਮ ਦਾ ਬਦਲਾ ਲਿਆ ਜਾਵੇਗਾ!

## (੭) ਪਲੇਗ ਨਾਲ ਮੌਤਾਂ

ਜ਼ਾਲਮ ਪਲੇਗ ਸਨ ੧੮੯੬ ਵਿੱਚ ਪੈਹਲੀ ਵੇਰਾਂ ਹਿੰਦੋਸਤਾਨ ਵਿੱਚ ਜ਼ਾਹਰ ਹੋਈ, ਅਤੇ ਹੁਨ ਤੱਕ ਸਾਰੇ ਇਲਾਕ਼ਿਆਂ ਵਿੱਚ ਫ਼ੈਲ ਗਈ ਹੈ, ਏਸ ਆਫ਼ਤ ਦਾ ਟਾਕਰਾ ਕਰਨ ਵਾਸਤੇ ਕ਼ੌਮ ਨੇ ਕੋਈ ਕੋਸ਼ਿਸ਼ ਨਹੀ ਕੀਤੀ, ਅਤੇ ਨਾ ਹੀ ਗਵ੍ਰਮਿੰਟ ਨੇ ਕੁੱਛ ਪ੍ਰਵਾਹ ਕੀਤੀ, ਗਵ੍ਰਮਿੰਟ ਨੇ ਕ਼ੌਮ ਨੂੰ ਇਤਨਾ ਕਮਜ਼ੋਰ ਅਤੇ ਬੇ ਜਾਨ ਕਰ ਦਿੱਤਾ ਹੈ, ਕਿ ਲੀਡਰ ਕੋਈ ਵੱਡਾ ਕੰਮ ਆਪਨੇ ਜ਼ੁੱਮੇ ਨਹੀ ਲੈ ਸਕਦੇ ਅਤੇ ਹਰ ਇੱਕ ਬਾਤ ਵਿੱਚ ਗਵ੍ਰਮਿੰਟ ਦਾ ਮੂੰਹ ਤਕਦੇ ਹਨ, ਅਤੇ ਗਵ੍ਰਮਿੰਟ ਜੋ ਕ਼ੌਮ ਦੀ ਦੁਸ਼ਮਨ ਹੈ ਦੇਸ਼ ਦੀ ਭਲਾਈ ਵਾਸਤੇ ਕਿਉਂ ਤਜਵੀਜ਼ਾਂ ਸੋਚੇਗੀ! ਉਸ ਨੂੰ ਕੀ ਮਤਲਬ, ਕਿ ਹਿੰਦੋਸਤਾਨੀਆਂ ਦੇ ਸੁੱਖ ਦਾ ਪ੍ਰਬੰਧ ਕਰੇ, ਸਗੋਂ ਸਰਕਾਰ ਦਾ ਏਸ ਵਿੱਚ ਫਾਇਦਾ ਹੈ, ਕਿ ਹਿੰਦੀ ਕਾਲ ਅਤੇ ਬੀਮਾਰੀ ਨਾਲ ਘਬਰਾਏ ਰਹਿਨ, ਤਾਂ ਕਿ ਘਬਰਾਹਟ ਅਤੇ ਨਿਰਾਸਤਾ ਨਾਲ ਇਹਨਾਂ ਦੇ ਦਿਲ ਬੈਠ ਜਾਨ ਅਤੇ ਆਜ਼ਾਦੀ ਰੂਪੀ ਸੂਰਜ ਦੀਆਂ ਕਿਰਨਾਂ ਉਹਨਾਂ ਦੇ ਹਨੇਰੇ ਘਰ ਵਿੱਚ ਨਾ ਪੈਣ ਦੇਣ! ਆਜ਼ਾ [illegible] ਤਰਦਾ [illegible]

ਵੰਦੀ ਹੈ, ਉਮੇਦ **ਆਜ਼ਾਦੀ** ਦੀ ਕ਼ਾਸਦ (ਹਲਕਾਰਾ) ਹੈ, ਬਸ ਪਲੇਗ ਨਾਲ ਜੋ ਨਿਰਾਸਤਾ ਕੌਮੀ ਰੂਹ ਉੱਤੇ ਸਾਵਨ ਦੇ ਬਦਲਾਂ ਸਮਾਨ ਛਾਈ ਹੋਈ ਹੈ, ਉਸ ਨਾਲ ਡਾਕੂ ਸ੍ਰਕਾਰ ਨੂੰ ਫਾਇਦਾ ਹੀ ਫਾਇਦਾ ਹੈ,

ਯੂਰਪ ਵਿੱਚ ਚੌਧਵੀ ਸਦੀ ਵਿੱਚ ਜੋ ਪਲੇਗ ਆਈ ਸੀ, ਉਸ ਦੇ ਬਾਦ ਦੁਨੀਆਂ ਦੀ ਤਵਾਰੀਖ਼ ਵਿੱਚ ਹੁਨ ਹਿੰਦੋਸਤਾਨ ਵਿੱਚ ਹੀ ਅਜੇਹੀ ਭਿਆਨਕ ਪਲੇਗ ਫੈਲੀ ਹੋਈ ਹੈ, ਇਸ ਤੋਂ ਸਾਫ਼ ਜ਼ਾਹਿਰ ਹੈ, ਕਿ ਬਦ ਕਿਸਮਤ ਹਿੰਦੋਸਤਾਨ ਕੈਸੀ ਅਜੀਬ ਮੁਸੀਬਤਾਂ ਦਾ ਸ਼ਕਾਰ ਹੋ ਰਿਹਾ ਹੈ, ਅਤੇ ਅਜੇਹੀ ਭੈੜੀ ਦਿਸ਼ਾ ਦਾ ਕੋਈ ਕਾਰਨ ਭੀ ਜਰੂਰ ਹੈ, ਪਲੇਗ ਏਸ ਵਜਾ ਸੇ ਫੈਲੀ ਹੈ, ਕਿ ਸ੍ਰਕਾਰ ਪ੍ਰਜਾ ਦੀ ਸ਼ਰੀਰਕ ਰਖਸ਼ਯਾ ਵਾਸਤੇ ਕਾਫੀ ਰੁਪੈਯਾ ਖ਼੍ਰਚ ਨਹੀ ਕਰਦੀ, ਅਤੇ ਪ੍ਰਜਾ ਗ਼ਰੀਬੀ ਦੇ ਕਾਰਨ ਬੁਰੀ ਖ਼ੁਰਾਕ ਖਾਂਦੀ ਹੈ, ਅੰਧੇਰੇ ਅਤੇ ਗੰਦੇ ਘਰਾਂ ਵਿੱਚ ਰਹਿੰਦੀ ਹੈ! ਮੈਲੇ ਕਪੜੇ ਪਹਿਨਦੀ ਹੈ, ਅਤੇ ਸ਼ਰੀਰਕ ਰਖਯਾ ਦੇ ਅਸੂਲਾਂ ਉੱਤੇ ਅਮਲ ਨਹੀ ਕਰ ਸਕਦੀ, ਬਸ ਪਲੇਗ ਨੂੰ ਦੂਰ ਕਰਨ ਵਾਸਤੇ ਪੈਹਲਾਂ ਦੂਜੀ ਪਲੇਗ ਨੂੰ ਦੂਰ ਕਰਨਾ ਚਾਹੀਏ! ਯਾਨੀ ਅੰਗ੍ਰੇਜੀ ਰਾਜ ਨੂੰ!

ਹੇਠ ਲਿਖੇ ਅੰਗਾਂ ਤੋਂ ਅੰਗ੍ਰੇਜ਼ੀ ਇਲਾਕੇ ਵਿੱਚ ਪਲੇਗ ਦੇ ਫੈਲਨ ਦਾ ਹਾਲ ਮਾਲੂਮ ਹੋਵੇਗਾ!

ਸਨ ੧੮੯੧ ਤੋਂ ਲੈ ਕੇ ੧੯੦੨ ਤੱਕ ੯ ਲੱਖ ੯੫ ਹਜ਼ਾਰ ਮੌਤਾਂ

| | | | | | | | |
|---|---|---|---|---|---|---|---|
| ,, | ੧੯੦੩ | ਵਿੱਚ | ੭ | ,, | ੨ | ,, | ,, |
| ,, | ੧੯੦੪ | ,, | ੯ | ,, | ੩੯ | ,, | ,, |
| ,, | ੧੯੦੫ | ,, | ੯ | ,, | ੪੧ | ,, | ,, |
| ,, | ੧੯੦੬ | ,, | ੩ | ,, | ੦੦ | ,, | ,, |
| ,, | ੧੯੦੭ | ,, | ੧੧ | ,, | ੬੬ | ,, | ,, |
| ,, | ੧੯੦੮ | ,, | ੧ | ,, | ੧੪ | ,, | ,, |
| ,, | ੧੯੦੯ | ,, | ੧ | ,, | ੪੫ | ,, | ,, |

| | | | | | | |
|---|---|---|---|---|---|---|
| ਸਨ ੧੯੧੦ | ਵਿਚ | ੪ | ਲੱਖ | ੧੩ | ਹਜ਼ਾਰ | ਮੌਤਾਂ |
| " ੧੯੧੧ | " | ੭ | " | ੩੪ | " | " |
| " ੧੯੧੨ | " | ੨ | " | ੭੩ | " | " |
| ਕੁਲ ਜੋੜ | | ੯੭ | ਲੱਖ | ੨੨ | ਹਜ਼ਾਰ | ਮੌਤਾਂ |

ਇਹ ਸਿਰਫ ਅੰਗ੍ਰੇਜ਼ੀ ਰਪੋਟ ਹੈ, ਜੋ ਫਰਜ਼ੀ ਬਨਾਈ ਹੋਈ ਹੁੰਦੀ ਹੈ, ਅਸਲ ਵਿੱਚ ਪਿਛਲੇ ੨੦ ਸਾਲਾਂ ਦੇ ਅੰਦਰ ਡੇੜ੍ਹ ਕਰੋੜ ਤੋਂ ਭੀ ਜ਼ਿਆਦਾ ਮੌਤਾਂ ਪਲੇਗ ਨਾਲ ਹੋਈਆਂ ਹਨ,

ਖਿਆਲ ਕਰੋ, ਕਿ ਇਤਨੀ ਬੜੀ ਵਸੋਂ ਪਲੇਗ ਨਾਲ ਹੀ ਨਾਸ਼ ਹੋ ਗਈ! ਏਸ ਜ਼ਾਲਮ ਨੇ ਘਰਾਂ ਦੇ ਘਰ ਬਰਬਾਦ ਕਰ ਦਿੱਤੇ, ਪਿੰਡ ਉਜਾੜ ਦਿੱਤੇ, ਮੁਹਬਤੀਆਂ ਨੂੰ ਵਿਛੋੜ ਦਿੱਤਾ! ਹਰ ਤ੍ਰਫ ਗ਼ਮ ਅਤੇ ਸੋਗ ਦੇ ਬਦੱਲ ਛਾਏ ਹੋਏ ਹਨ, ਸਾਰੀ ਕੌਮ ਨੂੰ ਸੋਗ ਰੂਪੀ ਕੜਾਹੇ ਵਿੱਚ ਤਲਿਆ ਜਾ ਰਿਹਾ ਹੈ, ਬਸ ਏਸ ਜ਼ਾਲਮ ਪਲੇਗ ਪਾਸੋਂ ਛੁਟਕਾਰਾ ਕਰੌਣ ਵਾਸਤੇ ਬੋਹਤ ਛੇਤੀ ਗ਼ਦਰ ਆਮ ਸ਼ੁਰੂ ਕਰਨਾ ਚਾਹੀਏ! ਅੰਗ੍ਰੇਜ਼ੀ ਰਾਜ ਦੇ ਨਾਲ ਹੀ ਪਲੇਗ ਭੀ ਹਿੰਦੋਸਤਾਨ ਵਿਚੋਂ ਚਲੀ ਜਾਵੇਗੀ!

## (੮) ਪੰਜਾਬ ਵਿੱਚ ਬੀਮਾਰੀ

ਪਿਛਲੇ ਸਾਲਾਂ ਵਿੱਚ ਸੂਬਾ ਪੰਜਾਬ ਕਈ ਤ੍ਰਾਂ ਦੀਆਂ ਮੁਸੀਬਤਾਂ ਵਿੱਚ ਫਸਿਆ ਰਿਹਾ ਹੈ, ਇਹਨਾਂ ਆਫਤਾਂ ਵਿਚੋਂ ਸਭ ਤੋਂ ਵਡੀ ਆ-ਫਤ ਬੀਮਾਰੀ ਹੀ ਹੈ! ਬੜੀ ਹੈਰਾਨੀ ਦੀ ਗੱਲ ਹੈ, ਕਿ ਪੰਜਾਬ ਦੇ ਆਦਮੀ ਮਜ਼ਬੂਤ ਹਨ, ਪ੍ਰ ਫੇਰ ਭੀ ਬੀਮਾਰੀ ਦੀ ਜ਼ਿਆਦਤੀ ਹੈ! ਇਸ ਦਾ ਕੀ ਕਾਰਨ ਹੈ, ਸਨ ੧੯੦੭ ਵਿੱਚ ਪਲੇਗ ਏਸ ਜ਼ੋਰ ਦੀ ਸੀ, ਕਿ ਪਿੰਡਾਂ ਦੇ ਪਿੰਡ ਤਬਾਹ ਹੋ ਗਏ, ਅਤੇ ਸ਼ਹਰਾਂ ਵਿੱਚ ਖੈਹਰਾਮ ਮਚ ਗਿਆ, ਇਕ ੨ ਜ਼ਿਲੇ ਵਿੱਚ ਹਜਾਰਾਂ ਮਰਦ ਔਰਤ ਅਤੇ ਬੱਚੇ ਮਰ ਗਏ, ਜ਼ਿਲਾ ਗੁਜਰਾਂਵਾਲੇ ਵਿੱਚ ੭੧੮੦੦ ਮੌਤਾਂ

ਹੋਈਆਂ, ਜ਼ਿਲਾ ਸਿਆਲਕੋਟ ਵਿਚ ੬੨੬੦੦, ਜ਼ਿਲਾ ਜਾਲੰਧਰ ਵਿਚ ੩੯੭੦੦, ਜ਼ਿਲਾ ਹੁਸ਼ਿਆਰਪੁਰ ਵਿਚ ੩੯੭੦੫, ਜ਼ਿਲਾ ਲਾਹੌਰ ਵਿਚ ੪੭੪੦੦, ਜ਼ਿਲਾ ਅੰਮ੍ਰਿਤਸਰ ਵਿਚ ੨੪੭੦੦, ਜ਼ਿਲਾ ਲੁਧਯਾਨਾ ਵਿਚ ੨੨੩੦੦, ਜ਼ਿਲਾ ਫੀਰੋਜ਼ਪੁਰ ਵਿਚ ੨੯੫੦੦, ਸਾਰੇ ਸੂਬੇ ਵਿਚ ਸਨ ੧੯੦੭ ਵਿਚ ਹੀ ੬ ਲੱਖ ੫ ਹਜ਼ਾਰ ਮੌਤਾਂ ਹੋਈਆਂ, ਕਹਿੰਦੇ ਹਨ, ਕਿ ਪਲੇਗ ਕਮਜ਼ੋਰ ਆਦਮੀਆਂ ਨੂੰ ਸੋਤੰਦੀ ਹੈ, ਪ੍ਰ ਪੰਜਾਬ ਨਿਵਾਸੀ ਜ਼ਿਆਦਾ ਕਮਜ਼ੋਰ ਨਹੀ ਹਨ, ਮੌਤਾਂ ਪਿੰਡਾਂ ਵਿਚ ਹੀ ਜ਼ਿਆਦਾ ਹੋਈਆਂ, ਭਾਵੇਂ ਸ਼ੈਹਰਾਂ ਵਿਚ ਭੀ ਗਿਨਤੀ ਜ਼ਿਆਦਾ ਰਹੀ! ਜਿਨਾਂ ਨੂੰ ਸਨ ੧੯੦੭ ਯਾਦ ਹੈ, ਉਹਨਾਂ ਦੇ ਦਿਲ ਉੱਤੇ ਅਜੇਹੀ ਹਧੀਨਗੀ ਅਤੇ ਭ੍ਰਮ ਦੇ ਖਿਆਲ ਨਾਲ ਸੱਪ ਲੋਟ ਜਾਂਦਾ ਹੈ,

ਸਨ ੧੯੦੮ ਵਿੱਚ ਪਲੇਗ ਜ਼ਰਾ ਮੱਧਮ ਰਹੀ, ਪ੍ਰ ਬੁਖਾਰ ਦਾ ਜ਼ੋਰ ਹੋਇਆ, ਅਸਲ ਵਿੱਚ ਬੁਖ਼ਾਰ ਹਰ ਸਾਲ ਹਜ਼ਾਰਾਂ ਲੱਖਾਂ ਹੀ ਮੌਤਾਂ ਦਾ ਕਾਰਨ ਹੈ, ਪ੍ਰ ਅਸੀਂ ਲੋਕ ਪ੍ਰਵਾਹ ਨਹੀ ਕਰਦੇ, ਸਨ ੧੯੦੮ ਵਿੱਚ ਬੁਖ਼ਾਰ ਨੇ ਸ਼ੈਹਰਾਂ ਵਿਚ ਕਾਰੋ ਬਾਰ ਬੰਦ ਕਰ ਦਿੱਤੇ! ਪ੍ਰਜਾ ਬਿਲਕੁਲ ਬੇ ਬਸ ਹੈਰਾਨ ਅਤੇ ਪ੍ਰੇਸ਼ਾਨ ਰਹੀ, ਸਨ ੧੯੦੮ ਵਿੱਚ ਕੁਲ ਮੌਤਾਂ ੬੯੭੦੦੦ ਹੋਈਆਂ. ਅਤੇ ਸਨ ੧੯੦੭ ਵਿੱਚ ਪਲੇਗ ਨਾਲ ੬੦੫੦੦੦ ਮੌਤਾਂ ਹੋਈਆ, ਇਹਨਾਂ ਅੰਗਾਂ ਤੋਂ ਸਾਬਤ ਹੁੰਦਾ ਹੈ, ਕਿ ਬੁਖ਼ਾਰ ਪਲੇਗ ਨਾਲੋਂ ਕਿਸੇ ਡਾਬੇ ਘਟ ਨਹੀ ਹੈ, ਜ਼ਿਆਦਾ ਅਫ਼ਸੋਸ ਦੀ ਗਲ ਇਹ ਹੈ, ਕਿ ਬਾਚੱਆ ਦੀਆਂ ਮੌਤਾਂ ਜ਼ਿਆਦਾ ਹੁੰਦੀਆਂ ਹਨ, ਏਸ ਸਾਲ ਵਿੱਚ ਦੱਸ ਸਾਲ ਤੋਂ ਘਟ ਉਮਰ ਦੇ ੩੬੩੦੦੦ ਬੱਚੇ ਚਲਦੇ ਹੋਏ, ਸਮੁਚੇ ਕੁਲ ਮੌਤਾਂ ਵਿਚੋਂ ਅੱਧੀ ਸੇ ਜ਼ਿਆਦਾ ਬਚਿੱਆਂ ਦੀਆਂ ਮੌਤਾਂ ਹੋਈਆ, ਇਹ ਕਿਸੇ ਭੀ ਕੌਮ ਵਾਸਤੇ ਕੈਸਾ ਭਿਆਨਕ ਅਤੇ ਦਰਦ ਭਰਿਆ ਝਾਕਾ ਹੈ, ਵੱਖੋ ਵੱਖਰੇ ਜ਼ਿਲਿਆਂ ਦਾ ਹਾਲ ਹੇਠ ਲਿਖੇ ਅੰਗਾਂ ਤੋਂ ਸਾਬਤ ਹੋ ਸਕਦਾ ਹੈ!

ਸਨ ੧੯੦੮ ਵਿਚ ਬੁਖਾਰ ਨਾਲ ਮੌਤਾਂ

| | |
|---|---|
| ਜ਼ਿਲਾ ਜਾਲੰਧਰ | ੨੨ ਹਜਾਰ |

| | | |
|---|---|---|
| ਜ਼ਿਲਾ ਹੁਸ਼ਿਆਰਪੁਰ | ੩੦ ਹਜਾਰ | |
| " ਅੰਮ੍ਰਿਤ ਸ੍ਰ | ੪੫ " | ੧ ਸੌ |
| " ਲੁਧਿਆਨਾ | ੧੭ " | ੫ " |
| " ਫੀਰੋਜ਼ਪੁਰ | ੨੮ " | ੦੦ " |
| " ਲਾਹੌਰ | ੪੨ " | ੫ " |

ਕਿਸੇ ਭੀ ਸੁਤੰਤ੍ਰ ਦੇਸ਼ ਵਿੱਚ ਇਤਨੀ ਬੀਮਾਰੀ ਨਹੀ ਹੋ ਸਕਦੀ ਕਿਓਂਕਿ ਓਥੇ ਗਵਰਮਿੰਟ ਦੀ ਵਲੋਂ ਸ਼ਰੀਰਕ ਰਖਯਾ ਦਾ ਕਾਫੀ ਪ੍ਰਬੰਧ ਹੁੰਦਾ ਹੈ, ਲੋਕ ਹਿੰਦੋਸਤਾਨੀਆਂ ਨਾਲੋਂ ਅੱਛੀ ਖ਼ੁਰਾਕ ਖਾਂਦੇ ਹਨ, ਕਪੜੇ ਕਾਫੀ ਪੈਹਨਦੇ ਹਨ, ਅਤੇ ਸਾਫ ਮਕਾਨਾਂ ਵਿੱਚ ਰਹਿੰਦੇ ਹਨ, ਬੀਮਾਰੀ ਤਾਂ ਸਾਰੇ ਦੇਸ਼ਾਂ ਵਿੱਚ ਮੁਨਸ਼ਖਮਾਤ੍ਰ ਨੂੰ ਦੁੱਖ ਦੇਂਦੀ ਹੈ, ਪਰ ਹਿੰਦੋਸਤਾਨ ਵਿੱਚ ਤਾਂ ਅਜ ਕਲ ਏਸਨੇ ਆਪਨਾ ਰਾਜ ਜਮਾ ਰੱਖਿਆ ਹੈ,

ਹਰ ਹਿੰਦੋਸਤਾਨੀ ਨੂੰ ਸੋਚਨਾ ਚਾਹੀਏ, ਕਿ ਇਸਦੇ ਆਪਨੇ ਜ਼ਿਲੇ ਅਤੇ ਸੂਬੇ ਵਿੱਚ ਬੀਮਾਰੀ ਕਿੰਓ ਜ਼ਿਆਦਾ ਹੈ, ਫੇਰ ਸੋਚਨਾ ਚਾਹੀਏ, ਕਿ ਕੁਲ ਦੇਸ਼ ਵਿੱਚ ਬੀਮਾਰੀ ਕਿੰਓ ਜ਼ਿਆਦਾ ਹੈ? ਏਸੇ ਤ੍ਰਾਂ ਸੋਚਦੇ ੨ ਪਤਾ ਲੱਗੇ ਗਾ! ਕਿ ਬੀਮਾਰੀ ਦਾ ਅਸਲੀ ਸਬਬ ਅੰਗ੍ਰੇਜ਼ੀ ਗਵਰਮਿੰਟ ਹੈ, ਜਿਸ ਨੂੰ ਤਬਾਹ ਅਤੇ ਬਰਬਾਦ ਕਰਨ ਵਿੱਚ ਦੇਰੀ ਨਹੀ ਕਰਨੀ ਚਾਹੀਏ

---

## (੯) ਕੈਹਤ ਦਾ ਸਬਬ ਅਸਲ ਵਸੋਂ ਨਹੀ ਹੈ.

### ਦੂਜੇ ਦੇਸ਼ਾਂ ਨਾਲ ਮੁਕਾਬਲਾ

ਹਿੰਦੋਸਤਾਨ ਵਿੱਚ ਅੰਗ੍ਰੇਜ਼ੀ ਸਰਕਾਰ ਦੇ ਹਮੈਤੀ ਅਕਸਰ ਆਖਦੇ ਹਨ, ਕਿ ਹਿੰਦੋਸਤਾਨ ਵਿੱਚ ਕੈਹਤ ਏਸ ਕਰਕੇ ਪੈਂਦਾ ਹੈ, ਕਿ ਵਸੋਂ ਜ਼ਿਆਦਾ ਹੈ, ਅਤੇ ਖੁਰਾਕ ਕਾਫੀ ਪੈਦਾ ਨਹੀ ਹੁੰਦੀ! ਹਿੰਦੋਸਤਾਨ ਦੇ ਆਦਮੀ ਦੂਜੇ ਦੇਸ਼ਾਂ ਵਿੱਚ ਵਸਣਾ ਨਹੀ ਚਾਹੁੰਦੇ, ਇੱਕ ਜ਼ਿਲੇ ਦੇ ਆਦਮੀ ਦੂਜੇ ਜ਼ਿਲੇ ਜ਼ਿਲੇ ਵਿੱਚ ਜਾਨਾ ਪਸੰਦ ਨਹੀ ਕਰਦੇ, ਸਗੋਂ ਕ੍ਰਿਸਾਨ ਤਾਂ ਆਪਨੇ ਪਿੰਡ ਨਾਲ ਅਜੇਹਾ ਪਿਆਰ ਕਰਦੇ ਹੈਨ ਕਿ ਜੋ ਮੀਲ ਪ੍ਰੇ ਜਾ ਕੇ ਰੈਹਨਾ

ਨਹੀਂ ਹੋਂਦੇ, ਫੇਰ ਓਸੇ ਜ਼ਮੀਨ ਉੱਤੇ ਵਸੋਂ ਵਧਦੀ ਜਾਂਦੀ ਹੈ, ਅਤੇ ਕੈਹਤ ਪੈਂਦੇ ਹਨ! ਇਹ ਦਲੀਲ ਬਿਲਕੁਲ ਗ਼ਲਤ ਅਤੇ ਝੂਠੀ ਹੈ, ਕਿਉਂ ਕਿ ਸਚਾਈ ਦੇ ਉਹ ਹੁਸ਼ਿਆਰ ਸਿਪਾਹੀ ਜੋ ਹਮੇਸ਼ਾਂ ਆਪਣੀ ਜਗਾ ਖੜੇ ਰੈਂਹਦੇ ਹਨ, ਯਾਨੀ ਅੰਗ! ਏਸ ਝੂਠ ਦੇ ਮੂੰਹ ਵਿੱਚ ਖਾਕ ਭਰ ਦੇਂਦੇ ਹਨ, ਅਤੇ ਸਾਬਤ ਕਰਦੇ ਹਨ, ਕਿ ਹਿੰਦੋਸਤਾਨ ਵਿੱਚ ਅਜੇ ਵਸੋਂ ਬੋਹਤ ਥੋੜੀ ਹੈ, ਜੇ ਕਰ ਗਵਰਮਿੰਟ ਜ਼ਾਲਮ ਨਾ ਹੋਵੇ ਅਤੇ ਗ਼ਰੀਬਾਂ ਨੂੰ ਮਦੱਦ ਦਿੱਤੀ ਜਾਵੇ, ਤਾਂ ਹਿੰਦੋਸਤਾਨ ਦੇ ਅੰਦਰ ਹੀ ਬੋਹਤ ਗ਼ੈਰ ਆਬਾਦ ਇਲਾਕੇ ਹਨ ਜਿੱਥੇ ਬਸਤੀਆਂ ਬਸਾਈਆਂ ਜਾ ਸਕਦੀਆਂ ਹਨ, ਅਤੇ ਹਰ ਜ਼ਿਲੇ ਦੀ ਆਮਦਨੀ ਦੱਸ ਗੁਣੀ ਵੀਹ ਗੁਣੀ ਵਧ ਸਕਦੀ ਹੈ, ਹੂਹ ਹੀ ਥੋੜੇ ਵਿਦਵਾਨਾਂ ਨੇ ਤਮਾਮ ਦੇਸ਼ਾਂ ਦੀ ਵਸੋਂ ਬਾਬਤ ਹਿੰਦਸੇ ਅਕੱਠੇ ਕੀਤੇ ਹਨ, ਇਨ ਸੇ ਜ਼ਾਹਿਰ ਹੁੰਦਾ ਹੈ, ਬਜਾਏ ਬੋਹਤ ਵਸੋਂ ਦੇ ਹਿੰਦੋਸਤਾਨ ਵਿੱਚ ਵਸੋਂ ਦਾ ਘਾਟਾ ਹੈ, ਯੂਰਪ ਦੇ ਕਈ ਦੇਸ਼ਾਂ ਦੀ ਨਿਸਬਤ ਸਾਡੇ ਦੇਸ਼ ਵਿੱਚ ਵਸੋਂ ਬੋਹਤ ਥੋੜੀ ਹੈ, ਸਗੋਂ ਜਾਪਾਨ ਭੀ ਸਾਡੇ ਨਾਲੋਂ ਜ਼ਿਆਦਾ ਵਸੋਂ ਦੀ ਪਾਲਨਾ ਕਰ ਰਿਹਾ ਹੈ, ਜੇ ਕਰ ਪ੍ਰਸ਼ਨ ਕੀਤਾ ਜਾਵੇ, ਕਿ ਬਿਲਜੀਅਮ ਦੇਸ਼ ਵਿੱਚ ਕੈਹਤ ਕਿਉਂ ਨਹੀਂ ਪੈਂਦੇ, ਹਾਲਾਂ ਕੇ ਓਥੋਂ ਦੀ ਵਸੋਂ ਹਿੰਦੋਸਤਾਨ ਨਾਲੋਂ ਚਾਰ ਗੁਣਾਂ ਜ਼ਿਆਦਾ ਹੈ, ਤਾਂ ਅੰਗ੍ਰੇਜ਼ੀ ਗਵਰਮਿੰਟ ਦੇ ਹਮੈਤੀ ਕੀ ਉੱਤਰ ਦੇ ਸਕਦੇ ਹਨ? ਹੇਠ ਲਿਖੇ ਨਕਸ਼ੇ ਤੋਂ ਸਾਬਤ ਹੋਵੇਗਾ, ਕਿ ਕਿਤਨੇ ਹੋਰ ਦੇਸ਼ਾਂ ਵਿੱਚ ਵਸੋਂ ਹਿੰਦੋਸਤਾਨ ਨਾਲੋਂ ਜ਼ਿਆਦਾ ਵਸਦੀਆਂ ਹਨ, ਲੇਕਨ ਓਥੇ ਹਿੰਦੋਸਤਾਨ ਜੈਸੀ ਗ਼ਰੀਬੀ ਨਹੀਂ

### ਵਸੋਂ ਦੇ ਮੁਤਅੱਲਕ ਨਕਸ਼ਾ

| ਨਾਮ ਮੁਲਕ | ਕਸਰਤ ਆਬਾਦੀ ਫੀ ਮੁਰੱਬਾ ਮੀਲ |
|---|---|
| ਬਿਲਜੀਅਮ | ੬੨੮ ਆਦਮੀ |
| ਹਾਲੈਂਡ | ੪੪੫ " |
| ਇੰਗਲੈਂਡ | ੩੫੬ " |
| ਜਾਪਾਨ | ੩੨੫ " |

| ਨਾਮ ਮੁਲਕ | ਕਸਰਤ ਆਬਾਦੀ ਫੀ ਮੁਰਬਾ ਮੀਲ |
|---|---|
| ਇਟਲੀ | ੩੦੪ ਆਦਮੀ |
| ਜਰਮਨੀ | ੨੯੦ " |
| ਆਸਟ੍ਰੀਆ | ੨੩੩ " |
| ਸੁਇਟਜ਼ਰਲੈਂਡ | ੨੧੭ " |
| ਫਰਾਂਸ | ੧੯੦ " |
| ਡਨਮਾਰਕ | ੧੬੮ " |
| ਹਿੰਦੋਸਤਾਨ | ੧੬੭ " |

ਇਹਨਾਂ ਅੰਗਾਂ ਤੋਂ ਸਾਡੇ ਯੋਰਪੀਆਂ ਦੀ ਬੇ ਸਮਝੀ ਦਲੀਲ ਦੇ ਪੁਰਜ਼ੇ ਉਡ ਜਾਂਦੇ ਹਨ, ਹਿੰਦੋਸਤਾਨ ਵਿੱਚ ਅਜੇ ਕਰੋੜਾਂ ਹੋਰ ਆਦਮੀ ਰਹਿ ਸਕਦੇ ਹਨ, ਬਸ਼ਰਤੇ ਕਿ ਗਵਰਮਿੰਟ ਜ਼ਾਲਮ ਨਾ ਹੋਵੇ, ਪਰਜਾ ਬਲਵਾਨ ਹੋਵੇ, ਅਤੇ ਖੇਤੀ ਦੇ ਨਵੇਂ ਤਰੀਕੇ ਵਰਤੇ ਜਾਂਣ। ਮਗਰ ਪਹਿਲੀ ਸ਼ਰਤ ਸਭ ਤੋਂ ਜ਼ਿਆਦਾ ਹੈ, ਕਿਉਂਕਿ ਗਵਰਮਿੰਟ ਦੇ ਘੋਰ ਜ਼ੁਲਮ ਦੇ ਸਾਮ੍ਹਣੇ ਉਨੱਤੀ ਦੇ ਸਾਰੇ ਸਾਧਨ ਬੇ ਫਾਇਦਾ ਜਾਂਦੇ ਹਨ, ਜਦ ਤੱਕ ਲਗਾਨ ਘਟ ਨਾ ਹੋਵੇ, ਕ੍ਰਿਸਾਣਾਂ ਨੂੰ ਮਲਕੀਅੱਤ ਦੇ ਹੱਕ ਨਾ ਦਿੱਤੇ ਜਾਨਗੇ, ਹਾਕਮਾਂ ਦੀ ਫ਼ਿਜ਼ੂਲ-ਖ਼ਰਚੀ ਦਾ ਪ੍ਰਬੰਧ ਨਾ ਹੋਵੇਗਾ, ਅਤੇ ਦੂਜੇ ਦੇਸਾਂ ਨਾਲੋਂ ਉੱਚ ਦਰਜੇ ਦੀ ਵਿਦਿਆ ਨਾ ਸਿੱਖੀ ਜਾਵੇ, ਤਦ ਤਕ ਖੇਤੀ ਦੀ ਉਨੱਤੀ ਅਸੰਭਵ ਹੈ, ਅਤੇ ਖੇਤੀ ਦੀ ਉਨੱਤੀ ਨਾਲ ਹੀ ਵਸੋਂ ਵਧ ਸਕਦੀ ਹੈ, ਜੇ ਕਰ ਹੁਣ ਭੀ ਗਵਰਮਿੰਟ ਲਗਾਨ ਅਤੇ ਟੈਕਸਾਂ ਦੇ ਜ਼ਰੀਏ ਕਰੋੜਾਂ ਰੁਪਏ ਦੇਸ ਵਿਚੋਂ ਲੁੱਟ ਕੇ ਨਾ ਲੈ ਜਾਵੇ, ਤਾਂ ਹਿੰਦੋਸਤਾਨ ਦੀ ਪਰਜਾ ਖ਼ੁਸ਼ੀ ਨਾਲ ਜੀਵਨ ਬਤੀਤ ਕਰ ਸਕਦੀ ਹੈ, ਕਿਉਂਕਿ ਇਸ ਦੇਸ਼ ਦੀ ਜ਼ਮੀਨ ਸੋਨਾ ਉਗਲਦੀ ਹੈ, ਪਰ ਜਦ ਤਕ ਜ਼ਾਲਮ ਗਵਰਮਿੰਟ ਹੈ ਤਦ ਤੱਕ ਥੋੜੀ ਵਸੋਂ ਵਿੱਚ ਭੀ ਕਾਲ ਅਤੇ ਗਰੀਬੀ ਦੀ ਤਲਵਾਰ ਹੀ ਸਦਾ ਸਿਰ ਤੇ ਸਵਾਰ ਰਹੇ ਗੀ!

ਗਵਰਮਿੰਟ ਇੰਗਲੈਂਡ ਵਿੱਚ ਕਿਤਨਾ ਰੁਪੈਯਾ ਖ਼ਰਚ ਕਰਦੀ ਹੈ,

## (੧੦) ਚੋਰਾਂ ਦੀ ਖੂੰਦ੍ਰ

ਅਲੀ ਬਾਬਾ ਅਤੇ ਚਾਲੀ ਚੋਰਾਂ ਦੀ ਕਹਾਨੀ ਵਿੱਚ ਲਿਖਿਆ ਹੈ, ਕਿ ਚੋਰ ਸ਼ਹਿਰ ਵਿੱਚੋਂ ਲੁੱਟ ਦਾ ਮਾਲ ਲੇ ਜਾ ਕੇ ਇੱਕ ਖੂੰਦ੍ਰ ਵਿੱਚ ਛੁਪਾ ਦੇਂਦੇ ਸਨ, ਏਸੇ ਤ੍ਰਾਂ ਉਹ ਚੋਰਾਂ ਦਾ ਜੱਥਾ ਜਿਸ ਨੂੰ ਅੰਗ੍ਰੇਜ਼ੀ ਸ੍ਰਕਾਰ ਆਖਦੇ ਹਨ ਇੱਕ ਖੂੰਦ੍ਰ ਵਿੱਚ ਲੁਟ ਦਾ ਮਾਲ ਜਮਾ ਕਰਦਾ ਹੈ, ਅਤੇ ਉਸ ਖੂੰਦ੍ਰ ਦਾ ਨਾਮ ਇੰਗਲਸਤਾਨ ਹੈ, ਗਵਰਮਿੰਟ ਹਰ ਸਾਲ ਕਰੋੜਾਂ ਰੁਪੈਏ ਹਿੰਦੋਸਤਾਨ ਵਿੱਚੋਂ ਲੁੱਟ ਕੇ ਇੰਗਲਸਤਾਨ ਲੈ ਜਾਂਦੀ ਹੈ, ਅਤੇ ਗ਼ਰੀਬ ਹਿੰਦੋਸਤਾਨੀਆਂ ਦਾ ਖ਼ੂਨ ਅੰਗ੍ਰੇਜ਼ਾਂ ਦੀ ਸ਼ਰਾਬ ਦਾ ਰੂਪ ਬਨ ਜਾਂਦਾ ਹੈ, ਜਿਨਾਂ ਢੰਗਾਂ ਨਾਲ ਹਿੰਦੋਸਤਾਨ ਨੂੰ ਲੁਟਿਆ ਜਾਂਦਾ ਹੈ; ਉਹਨਾਂ ਢੰਗਾਂ ਦਾ ਸਾਰਾ ਹਾਲ ਇੱਕ ਲੇਖ ਵਿੱਚ ਨਹੀ ਦਿੱਤਾ ਜਾ ਸਕਦਾ। ਅਜ ਅਸੀਂ ਇਹ ਦਸਾਂਗੇ, ਕਿ ਸ੍ਰਕਾਰ ਹਿੰਦ ਆਪਨੇ ਮੈਹਕਮਿਆਂ ਦੇ ਜ਼ਰੀਏ ਨਾਲ ਇੰਗਲਸਤਾਨ ਵਿੱਚ ਕਿਤਨਾ ਰੁਪੈਯਾ ਭੇਜਦੀ ਹੈ, ਇਸ ਤੋਂ ਵਖਰਾ ਜੋ ਅੰਗ੍ਰੇਜ਼ ਬਿਉਪਾਰੀ, ਪੈਨਸ਼ਨ, ਹਾਕਮ, ਪ੍ਰੋਫ਼ੈਸਰ, ਵਕੀਲ ਜ਼ਿਮੀਦਾਰ, ਰੰਡੀਆਂ ਆਦਕ ਹਿੰਦੋਸਤਾਨ ਵਿੱਚ ਰਹਿੰਦੇ ਹਨ ਉਹ ਭੀ ਆਪਨੀ ਕਮਾਈ ਦਾ ਬੌਹਤ ਹਿੱਸਾ ਇੰਗਲੈਂਡ ਭੇਜਦੇ ਹਨ, ਏਸ ਰਕਮ ਦਾ ਅਨਦਾਜ਼ਾ ਫੇਰ ਕਦੇ ਪੇਸ਼ ਕਰਾਂਗੇ, ਜੋ ਰੁਪੈਯਾ ਗਵਰਮਿੰਟ ਦੇ ਜ਼ਰੀਏ ਸਿੱਧਾ ਇੰਗਲੈਂਡ ਭੇਜਿਆ ਜਾਂਦਾ ਹੈ, ਉਹ ਤਕਰੀਬਨ ੨੮ ਕਰੋੜ ੨੯ ਲੱਖ ਰੁਪੈਯਾ ਹੁੰਦਾ ਹੈ, ਇਹ ਰੁਪੈਯਾ ਹੇਠ ਲਿਖੇ ਨਕਸ਼ੇ ਦੇ ਅਨੁਸਾਰ ਦਿਤਾ ਜਾਂਦਾ ਹੈ;

ਨਕਸ਼ਾ ਖ਼ਰਚ ਦਾ ਜੋ ਗਵਰਮਿੰਟ ਹਿੰਦ ਨੇ ਇੰਗਲੈਂਡ ਵਿੱਚ ਸਨ ੧੯੧੧
ਅਤੇ ਸਨ ੧੯੧੨ ਵਿੱਚ ਖ਼ਰਚ ਕੀਤਾ

| | |
|---|---|
| (੧) ਕਰਜ਼ੇ ਦਾ ਸੂਦ ਅਤੇ ਰੇਲਾਂ ਅਤੇ ਨਹਿਰਾਂ ਦੇ ਰੁਪੈਏ ਦਾ ਸੂਦ | ੧੬ ੫੦੦੦੦੦੦ |
| (੨) ਕੀਮਤ ਮਾਲ ਜੋ ਮਹਿਕਮਿਆਂ ਵਾਸਤੇ ਖ਼ਰੀਦਿਆ ਗਿਆ, | ੧ ੭੯੦੦੦੦੦ |
| (੩) ਜਿਵਲ ਮੈਹਕਮੇ ਦੇ ਬਾਬਤ ਰਕਮ | ੩੫੦੦੦੦੦ |
| (੪) ਖਰਚ ਇੰਡੀਆ ਆਫ਼ਿਸ | ੨੭੭੩੦੦੦ |

| | |
|---|---|
| ਫੌਜੀ ਅਤੇ ਸਮੁੰਦ੍ਰੀ ਖ਼ਰਚ | ੧੫੨੦੦੦੦੦ ਰੁਪੈਏ |
| ਛੁੱਟੀ ਵਾਲਿਆਂ ਦੀ ਤਨਖ਼ਾਹ | ੧੪੮੦੦੦੦੦ ,, |
| ਪੈਨਸ਼ਨਾਂ | ੬,੭੨੦੦੦੦੦ ,, |
| ਕੁਲ ਜੋੜ | ੨੮੬੩੭੩੦੦੦ ਰੁਪੈਏ |

ਏਸ ਨਕਸ਼ੇ ਦੇ ਉੱਪਰ ਵਿਚਾਰ ਕਰਨ ਤੋਂ ਮਾਲੂਮ ਹੋਵੇਗਾ, ਕਿ ਕਰਜ਼ੇ ਦਾ ਸੂਦ ਅਤੇ ਰੇਲਾਂ ਅਤੇ ਨਹਿਰਾਂ ਦੇ ਰੁਪੈਏ ਦਾ ਸੂਦ ਇੱਕ ਵੱਡੀ ਰਕਮ ਹੈ, ਹੁਣ ਪੁੱਛੋ ਕਿ ਇਹ ਕਰਜ਼ਾ ਕੀ ਹੈ, ਇਹ ਉਹੀ ਮੁਆਮਲਾ ਹੈ, ਕਿ ਸਾਡੀ ਜੁੱਤੀ ਅਤੇ ਸਾਡੇ ਹੀ ਸਿਰ! ਯਾਨੇ ਗ਼ਦਰ ਸਨ ੫੭ ਵਿੱਚ ਅੰਗ੍ਰੇਜ਼ਾਂ ਦਾ ਜੋ ਖ਼ਰਚ ਹੋਇਆ, ਉਹ ਸਾਰਾ ਏਸ ਕਰਜ਼ੇ ਵਿੱਚ ਸ਼ਾਮਲ ਹੈ, ਏਸੇ ਤਰ੍ਹਾਂ ਜੋ ਰੁਪੈਯਾ ਜੰਗ ਯਾ ਅੰਦਰੂਨੀ ਪ੍ਰਬੰਧ ਦੀਆਂ ਲੋੜਾਂ ਵਾਸਤੇ ਕਰਜ਼ਾ ਲਿਆ ਗਿਆ, ਉਹ ਭੀ ਇਸ ਦਾ ਹਿੱਸਾ ਹੈ, ਅਤੇ ਸਾਹਿਬ ਕਿਸ ਤੋਂ ਲਿਆ ਗਿਆ, ਸੋ ਉਹ ਇਹ ਗੱਲ ਹੈ, ਕਿ ਔਹਮਦੀ ਪਗੜੀ ਮੌਹਮੂਦ ਦੇ ਸਿਰ! ਅਥਵਾ ਇੰਗਲੈਂਡ ਦੇ ਧਨੀ ਆਦਮੀਆਂ ਪਾਸੋਂ! ਸਮਝੋ ਅੰਗ੍ਰੇਜ਼ਾਂ ਦੇ ਪੈਸੇ ਨੂੰ ਅਜੇਹੀ ਜਗ੍ਹਾ ਲਾਇਆ ਜਿਥੋਂ ਸੂਦ ਚੰਗਾ ਵਸੂਲ ਹੋਵੇ! ਅਕਸਰ ਐਸਾ ਹੁੰਦਾ ਹੈ, ਕਿ ਜਿਨ੍ਹਾਂ ਆਦਮੀਆਂ ਨੇ ਹਿੰਦੋਸਤਾਨ ਵਿੱਚ ਰੁਪੈਯਾ ਕਮਾਇਆ ਹੈ, ਉਹ ਗਵਰਮਿੰਟ ਨੂੰ ਕਰਜ਼ਾ ਦੇ ਕੇ ਫੇਰ ਖ਼ੂਬ ਲੁਟ ਦੇ ਹਨ, ਸਮਝੋ ਇੱਕ ਵੇਰਾਂ ਦੀ ਲੁੱਟ ਨੂੰ ਦੋ ਬਾਰ ਤਿੰਨ ਬਾਰ ਲੁੱਟਨ ਦਾ ਬਹਾਨਾ ਬਣੌਂਦੇ ਹਨ, ਰੇਲਾਂ ਪਾਸੋਂ ਸਰਕਾਰ ਨੂੰ ਤਾਕਤ ਪ੍ਰਾਪਤ ਹੁੰਦੀ ਹੈ, ਅਤੇ ਨਹਿਰਾਂ ਤੋਂ ਆਮਦਨੀ ਹੁੰਦੀ ਹੈ, ਇਹਨਾਂ ਦੇ ਬਣੌਣ ਵਾਸਤੇ ਜੋ ਰੁਪੈਯਾ ਇੰਗਲੈਂਡ ਤੋਂ ਲਿਆ ਜਾਂਦਾ ਹੈ, ਉਸ ਦੀ ਬਾਬਤ ਹਰ ਸਾਲ ਕਰੋੜਾਂ ਰੁਪੈਏ ਸੂਦ ਦੇਣਾ ਪੈਂਦਾ ਹੈ, ਖ਼ੂਬ ਸਾਹਿਬ! ਬਾਤ ਤਾਂ ਇੱਕ ਹੈ ਪ੍ਰਬੰਧ ਦੇ ਤਰੀਕੇ ਹਜ਼ਾਰ ਹਨ, ਸਭ ਰੁਪੈਯਾ ਹੈ **ਲੁੱਟ ਦਾ ਮਾਲ**! ਪਰ ਉਸ ਨੂੰ ਬਹੁਤ ਕਿਸਮਾਂ ਵਿੱਚ ਵੰਡਿਆ ਜਾਂਦਾ ਹੈ, ਮਸਲਨ ਸੂਦ (ਵਿਆਜ) ਤਨਖ਼ਾਹ, ਪੈਨਸ਼ਨ ਆਦਿਕ,

ਇਸ ਤੋਂ ਵੱਖਰਾ ਪੈਨਸ਼ਨਾਂ ਦੀ ਮਦ ਵਿੱਚ ੬ ਕਰੋੜ ੭੨ ਲੱਖ

ਰੁਪੈਯਾ ਦਰਜ ਹੈ, ਇਹ ਪੈਨਸ਼ਨ ਖ਼ੋਰ ਅੰਗ੍ਰੇਜ਼ ਬੜੇ ਹਰਾਮਜ਼ਾਦੇ ਹੁੰਦੇ ਹਨ, ਬੁਢੇਪੇ ਵਿੱਚ ਭੀ ਹਿੰਦੋਸਤਾਨ ਦਾ ਪਿੱਛਾ ਨਹੀਂ ਛਡਦੇ, ਇੰਗਲੈਂਡ ਦੇ ਹਰ ਸ਼ਹਿਰ ਵਿੱਚ ਇਹ ਮੋਟੀ ਜੋਕਾਂ ਵਸਦੀਆਂ ਹਨ, ਜਿਨਾਂ ਦਾ ਖ਼ਰਚ ਪੈਨਸ਼ਨ ਉੱਤੇ ਹੀ ਚਲਦਾ ਹੈ, ਅਤੇ ਜੀਊਂਦੇ ਭੀ ਬਹੁਤ ਹਨ, ਕਿਉਂ ਨਾਂ ਜੀਊਣ, ਮੁਫ਼ਤ ਦਾ ਮਾਲ ਖਾਂਦੇ ਹਨ, ਅਤੇ ਕੰਮ ਕੁਛ ਨਹੀਂ ਕਰਦੇ! ਥੋੜੇ ਇਲਮੀ ਦਖੌਂਸਲੇ ਸਾਂਭ ਛਡਦੇ ਹਨ, ਯਾਂ ਪਾਦਰੀਆਂ ਦੀ ਮਦੱਦ ਕਰਦੇ ਰਹਿੰਦੇ ਹਨ, ਯਾ ਹਿੰਦੋਸਤਾਨੀ ਵਿਦਯਾਰਥੀਆਂ ਨੂੰ ਆਪਨੇ ਜਾਲ ਵਿੱਚ ਫੌਹਣ ਦੀ ਕੋਸ਼ਿਸ਼ ਕਰਦੇ ਹਨ, ਯਾ ਲੰਡਨ ਦੀ ਕੌਂਸਲ ਆਦਕ ਦੀ ਮੈਂਮਬਰੀ ਦੇ ਵਿਯੋਗ ਵਿੱਚ ਰਹਿੰਦੇ ਹਨ, ਯਾ ਪਾਰਲੀਮਿੰਟ ਦੀ ਮੈਂਮਬਰੀ ਦੇ ਚਾਹਵਾਨ ਹੁੰਦੇ ਹਨ, ਗਲ ਕੀ ਹਿੰਦੋਸਤਾਨ ਦੇ ਰੁਪੈਏ ਨਾਲ ਮੌਜਾਂ ਕਰਦੇ ਹਨ, ਇਹ ਪੈਨਸ਼ਨਖੋਰ ਟੋਲਾ ਹਜ਼ਾਰਾਂ ਦੀ ਗਿਣਤੀ ਵਿੱਚ ਮੌਜੂਦ ਹੈ, ਹਿੰਦੋਸਤਾਨੀਆਂ ਨੂੰ ਤਾਂ ਉਹਨਾਂ ਦੀ ਸੂਰਤ ਤੋਂ ਘੀਯ੍ਹਾਂ ਹਨ, ਅਤੇ ਉਹਨਾਂ ਦੇ ਚਹਿਰੇ ਉੱਤੇ ਫਿਟਕਾਰ ਹੀ ਪੈਂਦੀ ਹੈ, ਜਦ ਹਿੰਦੋਸਤਾਨ ਵਿੱਚ ਕਰੋੜਾਂ ਆਦਮੀ ਨਹੈਤ ਗ਼ਰੀਬ ਹਨ, ਤਾਂ ਹਿੰਦੀਆਂ ਵਾਸਤੇ ਸ਼ਰਮ ਦਾ ਮੁਕ਼ਾਮ ਹੈ, ਕਿ ਸਾਤ ਹਜ਼ਾਰ ਮੀਲ ਤੋਂ ਪਰੇ ਇੱਕ ਬਦਮਾਸ਼ ਲੁਟੇਰੀ ਕੌਮ ਉਹਨਾਂ ਦੇ ਰੁਪੈਏ ਉੱਤੇ ਐਸ਼ ਕਰਦੀ ਹੈ, ਇਨਸਾਫ਼ ਦੀ ਤਲਵਾਰ ਨਾਲ ਏਸ ਰਿਸ਼ਤੇ ਨੂੰ ਦੂਰ ਕਰਨਾ ਚਾਹੀਏ, ਜੋ ਏਸ ਸਨਬੰਧ ਨੂੰ ਕ਼ਾਇਮ ਰਖਦਾ ਹੈ,

ਗਵ੍ਰਮਿੰਟ ਦੇ ਮੈਂਹਕਮਿਆਂ ਵਾਸਤੇ ਇੰਗਲੈਂਡ ਵਿੱਚ ਚੀਜ਼ਾਂ ਖਰੀਦੀਆਂ ਜਾਂਦੀਆਂ ਹਨ, ਅਤੇ ਉਹਨਾਂ ਦੀ ਕੀਮਤ ਦੇ ਕਰੋੜ ਤੱਕ ਪੌਂਹਚ ਜਾਂਦੀ ਹੈ, ਲੰਡਨ ਵਿੱਚ ਇੰਡੀਆ ਆਫ਼ਿਸ ਦਾ ਖ਼ਰਚ ੨੮ ਲੱਖ ਦੇ ਕਰੀਬ ਹੈ, ਇਹ ਇੰਡੀਆ ਆਫ਼ਿਸ ਸਮਝੋ ਸਾਰੇ ਡਾਕੂਆਂ ਦਾ ਸਾਂਝਾ ਘਰ ਹੈ, ਜਿੱਥੇ ਸਾਰੀਆਂ ਤਜਵੀਜ਼ਾਂ ਸੋਚੀ-ਆਂ ਜਾਂਦੀਆਂ ਹਨ, ਅਤੇ ਕਈ ਤਰਾਂ ਦੀਆਂ ਸ਼ੈਤਾਨੀਆਂ ਕੀਤੀਆਂ ਜਾਂਦੀਆਂ ਹਨ, ਅਗਰ ਇਹ ਰਕਮ (੨੯ ਕਰੋੜ) ਹਿੰਦੋਸਤਾਨ

ਵਿਚ ਰਹੇ, ਅਤੇ ਪ੍ਰਜਾ ਵਿਚ ਮੁਨਾਸਬ ਤੌਰ ਨਾਲ ਵੰਡਿਆ ਜਾਵੇ
ਤਾਂ ਕਿਤਨਾਂ ਫੈਦਾ ਹੋਇ ਸਕਦਾ ਹੈ, ਅਤੇ ਖੇਤੀ ਅਤੇ ਦਸਤਕਾਰੀ
ਦੇ ਕੰਮ ਨੂੰ ਕਿਤਨੀ ਤ੍ਰਕੀ ਹੋ ਸਕਦੀ ਹੈ, ?

## (੧੨) ਰੇਲਾਂ ਦਾ ਹਿਸਾਬ

### ਅੰਗ੍ਰੇਜ਼ਾਂ ਰਈਸਾਂ ਅਤੇ ਗਵਰਮਿੰਟ ਦਾ ਫੈਦਾ

ਅੰਗ੍ਰੇਜ਼ਾਂ ਨੇ ਹਿੰਦੋਸਤਾਨ ਵਿਚ ਰੇਲਾਂ ਕਿਉਂ ਬਨਾਈਆਂ, ਬਾਜ਼ੇ
ਲੋਕ ਸਮਝਦੇ ਹੈਂ, ਕੇ ਹਿੰਦੋਸਤਾਨੀਆਂ ਦੇ ਫਾਇਦੇ ਵਾਸਤੇ, ਏਹ
ਬਿਲਕੁਲ ਖਿਆਲ ਗ਼ਲਤ ਹੈ, ਅੰਗ੍ਰੇਜ਼ੀ ਗਵਰਮਿੰਟ ਹਿੰਦੋਸਤਾਨ
ਦੇ ਫੈਦੇ ਵਾਸਤੇ ਕੋਈ ਕੰਮ ਨਹੀਂ ਕਰਦੀ, ਸਾਰੇ ਕੰਮ ਆਪਨੇ ਮਤਲ-
ਬ ਦੇ ਕਰਦੀ ਹੈ, ਜੇ ਕੁ ਏਸ ਨਾਲ ਹਿੰਦੋਸਤਾਨ ਦਾ ਭੀ ਥੋੜਾ ਫੈਦਾ ਹੋਜਾ
ਵੇ, ਤੇ ਓਹ ਹੋਰ ਬਾਤ ਹੈ, ਪ੍ਰ ਅਸਲ ਮਤਲਬ ਅੰਗ੍ਰੇਜ਼ਾਂ ਦਾ ਆਪਨੀ
ਜੇਬ ਵਿਚ ਰੁਪੈਯਾ ਡਾਲਨਾ ਹੈ, ਅੰਗ੍ਰੇਜ਼ੀ ਗਵਰਮਿੰਟ ਨੇ ਰੇਲਾਂ ਦੋ
ਮਤਲਬ ਵਾਸਤੇ ਬਨਾਈਆਂ ਹੈਨ, ਪੈਹਿਲੇ ਜੰਗੀ ਤਾਕਤ ਦੂਸਰੇ ਤਜਾਰ
ਤੀ ਫੈਦਾ, ਅਜ ਕਲ ਦੀ ਹਰ ਦੇਸ਼ ਦੀ ਸ੍ਰਕਾਰ ਰੇਲਾਂ ਨਾਲ ਆਪਨੀ
ਤਾਕਤ ਵਧੌਂਦੀ ਹੈ, ਕਿਉਂ ਕੇ ਗਦਰ ਦੇ ਵੇਲੇ ਫੌਜ ਛੇਤੀ ਪੁਚਾਈ ਜਾ ਸ-
ਕਦੀ ਹੈ, ਅਗ੍ਰ ਫੌਜ ਛੇਤੀ ਨਾਂ ਪੁਚਾਈ ਜਾ ਸਕੇ, ਤਾਂ ਬਗਾਵਤ ਤ੍ਰਕੀ ਪਾ ਸ-
ਕਦੀ ਹੈ, ਅਤੇ ਫੇਰ ਉਸ ਨੂੰ ਦਬਾਨਾ ਕਠਨ ਹੋ ਜਾਂਦਾ ਹੈ, ਰੂਸ ਨੇ ਦਖਣੀ
ਏਸ਼ੀਆ ਤਕ ਆਪਨਾ ਰਾਜ ਕਾਇਮ ਕਰਨ ਵਾਸਤੇ ਸਾਏਬੇਰੀਆ ਰੇਲ ਬਨਾ-
ਈ, ਜੋ ਜਾਪਾਨ ਦੀ ਲੜਾਈ ਵਿਚ ਕੰਮ ਆਈ, ਏਸੇ ਤ੍ਰਾਂ ਅੰਗ੍ਰੇਜ਼ੀ ਗਵਰ-
ਮਿੰਟ ਨੇ ਰੇਲਾਂ ਦੇ ਜ਼ਰੀਏ ਹਿੰਦੋਸਤਾਨ ਵਿਚ ਆਪਨੇ ਰਾਜ ਦੀ ਜੜ੍ਹ
ਨੂੰ ਪਕਿਆਂ ਕਰਨ ਦੀ ਕੋਸ਼ਸ਼ ਕੀਤੀ ਹੈ, ਰੇਲ ਫੌਜ ਦੀ ਸੜਕ ਹੈ, ਜਿਧਰ
ਫੌਜ ਕਦਮ ਵਧੌਂਦੀ ਹੈ, ਰੇਲ ਭੀ ਜ਼ਰੂਰ ਪਿਛੇ ੨ ਔਂਦੀ ਹੈ, ਸਗੋਂ ਕਈ ਵੇਰਾਂ
ਤਾਂ ਰੇਲ ਪੈਹਿਲੇ ਬਨਦੀ ਹੈ, ਅਤੇ ਫੌਜ ਮਗਰੋਂ ਭੇਜੀ ਜਾਂਦੀ ਹੈ, ਰੇਲ
ਮੁਲਕ ਨੂੰ ਕਾਬੂ ਕਰਨ ਦਾ ਹਥਿਆਰ ਹੈ,

ਇਸ ਤੋਂ ਦੂਸਰਾ ਰੇਲ ਨਾਲ ਬਿਉਪਾਰ ਨੂੰ ਬੋਹਤ ਫੈਦਾ ਹੈ, ਹਿੰਦੋਸ-

ਤਾਨ ਦੀ ਤਜਾਰਤ ਦਾ ਬੋਹਤ ਹਿੱਸਾ ਅੰਗ੍ਰੇਜ਼ਾਂ ਦੇ ਹੱਥ ਵਿੱਚ ਹੈ, ਰੇਲ ਦੇ ਜ਼ਰੀਏ ਦੇਸ਼ ਦਾ ਦਾਣਾਂ ਛੇਤੀ ੨ ਖਿੱਚ ਕੇ ਬਾਹਿਰ ਚਲਾ ਜਾਂਦਾ ਹੈ, ਅਤੇ ਇੰਗਲਸਤਾਨ ਦਾ ਮਾਲ ਆਸਾਨੀ ਨਾਲ ਮੁਲਕ ਦੇ ਦੂਰ ੨ ਹਿੱਸਿਆਂ ਵਿੱਚ ਪੌਹੰਚਾਇਆ ਜਾ ਸਕਦਾ ਹੈ, ਰੇਲ ਨਾਲ ਹਿੰਦੋਸਤਾਨ ਦੀ ਤਜਾਰਤੀ ਫਤੇਹੁ ਵਿੱਚ ਬੌਹਤ ਮਦੱਦ ਮਿਲਦੀ ਹੈ,

ਹਿੰਦੋਸਤਾਨ ਵਿੱਚ ਜੋ ਰੇਲਾਂ ਬਨਾਈਆਂ ਗਈਆਂ ਹਨ, ਉਹਨਾਂ ਦੇ ਕਾਰਨ ਸਾਨੂੰ ਹਰ ਸਾਲ ਇੱਕ ਬੜੀ ਭਾਰੀ ਰਕਮ ਇੰਗਲੈਂਡ ਦੀ ਧਨਵਾਨ ਟੋਲੀ ਨੂੰ ਦੇਨੀ ਪੈਂਦੀ ਹੈ, ਅਤੇ ਗਵਰਮਿੰਟ ਹਿੰਦ ਨੂੰ ਬੋਹਤ ਲਾਭ ਹੁੰਦਾ ਹੈ, ਰੇਲਾਂ ਬਨੌਣ ਵਾਸਤੇ ਜੋ ਰੁਪੈਯਾ ਲਿਆ ਗਿਆ ਹੈ, ਉਸ ਦੀ ਬਾਬਤ ਸੂਦ ਦੇਨਾ ਪੈਂਦਾ ਹੈ, ਅਤੇ ਇਹ ਵਿਆਜ ਇੰਗਲੈਂਡ ਦੀ ਧਨਾਢ ਸਾਹੂਕਾਰਾਂ ਦੀ ਜੇਬ ਵਿੱਚ ਜਾਂਦਾ ਹੈ, ਸੂਦ ਦੇ ਕੇ ਜੇਹੜੀ ਰਕਮ ਬਚਦੀ ਹੈ, ਉਹ ਸਰਕਾਰ ਲੈ ਲੈਂਦੀ ਹੈ, ਏਸ ਵਾਸਤੇ ਰੇਲਾਂ ਮਾਲੀ ਤੌਰ ਪੂ ਭੀ ਦੇਸ਼ ਵਾਸਤੇ ਜ਼ੈਹਰ ਹਨ, ਪੈਹਿਲੇ ਹਿੰਦੋਸਤਾਨ ਦੇ ਧਨੀਆਂ ਨੂੰ ਲੁੱਟ ਕੇ ਇੰਗਲਸਤਾਨ ਭਰਿਆ ਜਾਂਦਾ ਹੈ, ਫੇਰ ਉਸ ਰੁਪੈਏ ਨੂੰ ਰੇਲਾਂ ਬਨੌਣ ਵਾਸਤੇ ਕਰਜ਼ ਲਿਆ ਜਾਂਦਾ ਹੈ, ਮੋਟੂੰ ਵਿਆਜ ਦਿੱਤਾ ਜਾਂਦਾ ਹੈ, ਅਗਰ ਰੇਲਾਂ ਆਪਨੇ ਪੈਸੇ ਨਾਲ ਬਨਾਈਆਂ ਜਾਂਣ, ਤਾਂ ਦੇਸ਼ ਦੇ ਧਨੀਆਂ ਨੂੰ ਫੈਦਾ ਹੋਵੇ, ਅਤੇ ਪ੍ਰਜਾ ਨੂੰ ਭੀ ਉਸਦਾ ਹਿੱਸ ਮਿਲੇ!

੩੧ ਮਾਰਚ ੧੯੧੨ ਤੱਕ ਗਵਰਮਿੰਟ ੨ ਅਰਬ ੨ ਕ੍ਰੋੜ ੪੪ ਲੱਖ ੪੨ ਹਜ਼ਾਰ ੧੦੫ ਰੁਪੈਏ ਰੇਲਾਂ ਉੱਤੇ ਖ਼ਰਚ ਕਰ ਚੁੱਕੇ ਹਨ, ਰੇਲਾਂ ਦੀ ਆਮਦਨੀ ਹੇਠ ਲਿਖੇ ਨਕਸ਼ੇ ਤੋਂ ਸਾਬਤ ਹੁੰਦੀ ਹੈ, ਇਸ ਵਿੱਚੋਂ ਵੱਡਾ ਹਿੱਸਾ ਇੰਗਲੈਂਡ ਦੇ ਪੈਸੇ ਵਾਲਿਆਂ ਨੂੰ ਦਿੱਤਾ ਜਾਂਦਾ ਹੈ, ਅਤੇ ਬਾਕੀ ਰਕਮ ਗਵਰਮਿੰਟ ਹਿੰਦ ਰੱਖ ਲੈਂਦੀ ਹੈ,

| ਸਾਲ | ਕੁਲ ਖਰੱਚ | |
|---|---|---|
| ਸਨ ੧੯੦੨ ਵਿੱਚ | ੧੭ ਕ੍ਰੋੜ ੨੨ ਲੱਖ | ਰੁਪੈਯਾ |
| " ੧੯੦੩ " | ੧੯ " ੯੦ " | " |

| | | | |
|---|---|---|---|
| ਸਨ ੧੯੦੪ ਵਿੱਚ | ੨੦ ਕਰੋੜ | ੮੮ ਲੱਖ | ਰੁਪੈਯਾ |
| " ੧੯੦੫ " | ੨੧ " | ੭੫ " | " |
| " ੧੯੦੬ " | ੨੨ " | ੧੧ " | " |
| " ੧੯੦੭ " | ੨੨ " | ੮੮ " | " |
| " ੧੯੦੮ " | ੧੭ " | ੮੨ " | " |
| " ੧੯੦੯ " | ੨੦ " | ੬੮ " | " |
| " ੧੯੧੦ " | ੨੩ " | ੯੯ " | " |
| " ੧੯੧੧ " | ੨੬ " | ੪੪ " | " |
| ਕੁਲ ਜੋੜ | ੨ ਅਰਬ ੧੨ ਕਰੋੜ | ੭੭ ਲੱਖ | ਰੁਪੈਏ |

ਖ਼ਿਆਲ ਕਰੋ! ਕਿ ਕੁਲ ਰੁਪੈਯਾ ਦੋ ਅਰਬ ਦੇ ਕਰੋੜ ਲਾਇਆ ਗਿਆ ਹੈ, ਅਤੇ ਸੂਦ ਦੱਸ ਸਾਲ ਵਿੱਚ ਹੀ ਦੋ ਅਰਬ ਬਾਰਾਂ ਕਰੋੜ ਰੁਪੈਯਾ ਦਿੱਤਾ ਜਾ ਚੁੱਕਾ ਹੈ, ਹਿੰਦੁਸਤਾਨ ਦੀਆਂ ਰੇਲਾਂ ਇੰਗਲੈਂਡ ਦੇ ਧਨੀਆਂ ਵਾਸਤੇ ਸੋਨੇ ਦੀਆਂ ਖਾਣਾਂ ਹਨ!

ਏਸ ਲੁਟ ਵਿਚੋਂ ਸਰਕਾਰ ਹਿੰਦ ਦੇ ਖਜ਼ਾਨੇ ਨੂੰ ਵੀ ਕੁੱਛ ਹਿੱਸਾ ਮਿਲ ਜਾਂਦਾ ਹੈ, ਰਕਮ ਤਾਂ ਥੋੜ੍ਹੀ ਹੈ, ਪਰ ਹਰ ਸਾਲ ਵਧਦੀ ਜਾਂਦੀ ਹੈ, ਸਾਡੀ ਦੌਲਤ ਭਾਵੇਂ ਧਨੀ ਅੰਗ੍ਰੇਜ਼ ਲੈਣ ਭਾਵੇਂ ਅੰਗ੍ਰੇਜ਼ੀ ਹਾਕਮ!

ਇਕੋ ਜਿਹੀ ਗਲ ਹੈ

## (੧੨) ਹਿੰਦੁਸਤਾਨ ਵਿਚੋਂ ਦਾਣੇ ਦਾ ਨਿਕਾਸ ਕੈਹਤ ਵਿੱਚ ਭੀ ਦਾਣਾ ਬਾਹਿਰ ਜਾਂਦਾ ਹੈ

ਜਿਸ ਦੇਸ਼ ਵਿੱਚ ਕੁਦਰਤ ਨੇ ਆਪਣੀ ਬਖਸ਼ਸ਼ ਦੀ ਸ਼ਾਨ ਦਿਖਾਈ ਹੋਵੇ, ਅਤੇ ਜ਼ਮੀਨ ਸੋਨਾ ਉਗਲਦੀ ਹੋਵੇ, ਓਥੇ ਕਾਲ ਦਾ ਕੀ ਕੰਮ? ਅਜੇਹੇ ਦੇਸ਼ ਵਿੱਚ ਭੁੱਖ ਦਾ ਨਾਮ ਨਸ਼ਾਨ ਭੀ ਨਹੀਂ ਹੋਣਾ ਚਾਹੀਦਾ! ਐਸਾ ਦੇਸ਼ ਸਾਰੀ ਦੁਨੀਆ ਨੂੰ ਅੰਨ ਦੇ ਸਕਦਾ ਹੈ, ਮਗਰ ਅੱਜ ਇਸ

ਹਾਲ ਹੈ, ਕੇ ਹਿੰਦੋਸਤਾਨ ਦੇ ਬਚਿੱਆਂ ਹੀ ਨੂੰ ਰੋਟੀ ਨਹੀਂ ਮਿਲਦੀ, ਪ੍ਰਦੇਸ ਵਿੱਚ ਧੱਕੇ ਖਾਂਦੇ ਫਿਰਦੇ ਹੈਨ, ਕਾਲ ਵਿੱਚ ਮਰਦੇ ਹੈਨ, ਇਸਦੀ ਵਜਾ ਕੀ ਹੈ? ਕੀ ਕਾਰਨ ਹੈ,? ਕੇ ਹਿੰਦੋਸਤਾਨ ਸੁਵਰਗ ਦੇ ਨਮੂਨੇ ਵਿੱਚ ਖੁਰਾਕ ਦਾ ਘਾਟਾ ਹੋਵੇ, ਓਹ ਭਾਰਤ ਵਰਸ਼ ਜਿਥੇ ਦੁਧ ਅਤੇ ਅਨਾਜ ਦੀ ਰੇਲ ਪੇਲ ਹੁੰਦੀ ਸੀ, ਅਜ ਕੈਹਤ ਦਾ ਹੋ ਰਿਹਾ ਹੈ, ਅਜ ਅਸੀਂ ਪਿਆਰੇ ਭਰਾਵਾਂ ਨੂੰ ਅੰਗਾਂ ਦੇ ਜ਼ਰੀਏ ਇਕ ਦਰਦ ਭਰਿਆ ਝਾਕਾ ਦਖੌਂਦੇ ਹੈਨ, ਜਿਸ ਨਾਲ ਓਹਨਾਂ ਨੂੰ ਬੜੀ ਅਕਲ ਆਵੇ ਗੀ, ਲੋਕਾਂ ਨੂੰ ਮਾਲੂਮ ਹੋਇਗੀ, ਕੇ ਹਿੰਦੋਸਤਾਨ ਵਿਚੋਂ ਕਿਤਨਾ ਦਾਣਾਂ ਦੂਸਰੇ ਦੇਸ਼ਾਂ ਨੂੰ ਅਤੇ ਇੰਗਲਸਤਾਨ ਨੂੰ ਜਾਂਦਾ ਹੈ, ਜਿਨਾਂ ਦੇਸ਼ਾਂ ਵਿੱਚ ਕੈਹਤ ਪੈਂਦੇ ਹੈਨ, ਓਥੇ ਇਹ ਹਾਲਤ ਹੈ, ਕੇ ਦਾਣਾਂ ਬੋਹਤ ਮਿਕਦਾਰ ਵਿੱਚ ਬਾਹਿਰ ਭੇਜਿਆ ਜਾਂਦਾ ਹੈ, ਬਸ ਕ੍ਰਿਸਾਨ ਨੂੰ ਹੀ ਕਾਫੀ ਖੁਰਾਕ ਨਹੀਂ ਮਿਲਦੀ, ਅਤੇ ਦੂਜੇ ਦੇਸ਼ਾਂ ਦੇ ਮਜ਼ੇ ਕਰਦੇ ਹੈਨ, ਰੂਸ ਵਿਚੋਂ ਹਰ ਸਾਲ ਲਖਾਂ ਮਣ ਦਾਣਾਂ ਬਾਹਿਰ ਜਾਂਦਾ ਹੈ, ਅਤੇ ਰੂਸੀ ਕ੍ਰਿਸਾਨ ਮਜ਼ਦੂਰ ਭੁਖੇ ਨੰਗੇ ਰੈਂਹਿਦੇ ਹੈਨ, ਏਸੇ ਤਰ੍ਹਾਂ ਹਿੰਦੋਸਤਾਨ ਵਿਚੋਂ ਦਬਾ ਦੱਬ ਦਾਣਾਂ ਬਾਹਿਰ ਜਾਂਦਾ ਹੈ, ਅਤੇ ਹਿੰਦੀ ਵਿਚਾਰੇ ਭੁਖ ਦੁਖ ਦੇ ਮਾਰੇ ਮਰ ਰਹੇ ਹੈਨ, ਹਿੰਦੋਸਤਾਨ ਵਿਚੋਂ ਦਾਣੇ ਦਾ ਬਾਹਿਰ ਜਾਣਾਂ ਹੇਠ ਲਿਖੇ ਨਕਸ਼ੇ ਤੋਂ ਪ੍ਰਗੱਟ ਹੁੰਦਾ ਹੈ ?

## ਕਣਕ ਦਾ ਨਿਕਾਸ

| ਸਾਲ | ਵਜ਼ਨ | ਕੀਮਤ |
|---|---|---|
| ਸਨ ੧੯੦੨ | ੫ ਲਾਖ ੧੪ ਹਜ਼ਾਰ ਟੱਨ | ੪ ਕਰੋੜ ੫੨ ਲੱਖ ਰੁਪੈਯਾ |
| ,, ੧੯੦੩ | ੧੨ ,, ੬੫ ,, ,, | ੧੧ ,, ੮ ,, ,, |
| ,, ੧੯੦੪ | ੨੧ ,, ੨੦ ,, ,, | ੧੭ ,, ੬੧ ,, ,, |
| ,, ੧੯੦੫ | ੯ ,, ੨੭ ,, ,, | ੮ ,, ੫੩ ,, ,, |
| ,, ੧੯੦੬ | ੮ ,, ੦੦ ,, ,, | ੭ ,, ੨੫ ,, ,, |
| ,, ੧੯੦੭ | ੮ ,, ੮੦ ,, ,, | ੮ ,, ੫੯ ,, ,, |

| | | | | | | | | | |
|---|---|---|---|---|---|---|---|---|---|
| ਸਨ ੧੯੦੮ | ੧ | ਲੱਖ | ੯ | ਹਜ਼ਾਰ | ਟਨ | ੧ ਕਰੋੜ | ੨੪ | ਲੱਖ | ਰੁਪੈਆ |
| ,, ੧੯੦੯ | ੧੦ | ,, | ੫੦ | ,, | ,, | ੧੨ ,, | ੭੧ | ,, | ,, |
| ,, ੧੯੧੦ | ੧੨ | ,, | ੬੬ | ,, | ,, | ੧੨ ,, | ੯੫ | ,, | ,, |
| ,, ੧੯੧੧ | ੧੩ | ,, | ੬੧ | ,, | ,, | ੧੩ ,, | ੩੫ | ,, | ,, |

ਖਿਆਲ ਕੀਜੀਏ, ਕੇ ਹਰ ਸਾਲ ਕਿਤਨਾਂ ਦਾਣਾ ਹਿੰਦੋਸਤਾਨ ਵਿਚੋਂ ਬਾਹਿਰ ਜਾਂਦਾ ਰਿਹਾ ਹੈ, ਅਤੇ ਏਸ ਵੇਲੇ ਦੇਸ਼ ਵਿੱਚ ੭ ਕਰੋੜ ਸੇ ਭੀ ਜ਼ਿਆਦਾ ਆਦਮੀਆਂ ਨੂੰ ਇਕ ਵੇਲੇ ਭੀ ਪੂਰਾ ਖਾਣਾਂ ਨਹੀਂ ਮਿਲਦਾ।

ਅੰਗ੍ਰੇਜ਼ੀ ਸਰਕਾਰ ਦਾ ਲਗਾਨ ਦੇਨ ਵਾਸਤੇ ਕਿਸਾਨ ਫਸਲ ਵੇਚ ਦੇਂਦੇ ਹਨ, ਅਤੇ ਸਾਰਾ ਰੁਪੈਆ ਕਈ ਢੰਗਾਂ ਨਾਲ ਇੰਗਲੈਂਡ ਪੌਹੁਚ ਜਾਂਦਾ ਹੈ, ਹਿੰਦੋਸਤਾਨ ਵਿਚੋਂ ਜੋ ਹਰ ਦੌਲਤ ਇੰਗਲੈਂਡ ਜਾਂਦੀ ਹੈ, ਓਹ ਸਾਰੀ ਸੋਨੇ ਚਾਂਦੀ ਦੀ ਸੂਰਤ ਵਿੱਚ ਨਹੀਂ ਜਾਂਦੀ ਸਗੋਂ ਦਾਣਾਂ ਅਤੇ ਹੋਰ ਪੈਦਾਵਾਰ ਦੀ ਸ਼ਕਲ ਵਿਚ ਭੀ ਜਾਂਦੀ ਹੈ, ਸਾਰੇ ਰਾਜਸੀ ਦੇਸ਼ ਏਸੇ ਤ੍ਰਾਂ ਗੁਲਾਮ ਦੇਸ਼ਾਂ ਨੂੰ ਲੁਟ ਕੇ ਖਾ ਜਾਂਦੇ ਹਨ, ਅਰਥਾਤ ਓਹਨਾਂ ਦੀ ਪੈਦਾਵਾਰ ਨੂੰ ?

## ਹਿੰਦੋਸਤਾਨ ਦਾ ਦਾਣਾ ਕਿਥੇ ਜਾਂਦਾ ਹੈ ?

ਹੁਨ ਦੂਸਰੇ ਨਕਸ਼ੇ ਨੂੰ ਪੜ੍ਹਨ ਨਾਲ ਸਾਬਤ ਹੋਵੇਗਾ ਕੇ ਏਹ ਦਾਣਾ ਕਿਥੇ ਜਾਂਦਾ ਹੈ, ਉਤ੍ਰ ਹੈ, ਕੇ ਇੰਗਲੈਂਡ ਨੂੰ, ਹੇਠ ਲਿਖੇ ਅੰਗ ਪ੍ਰਗਟ ਕਰਦੇ ਹਨ, ਕੇ ਕੁਲ ਦਾਣੇ ਵਿਚੋਂ ਕਿਤਨਾਂ ਇੰਗਲੈਂਡ ਜਾਂਦਾ ਹੈ, ?

| ਸਾਲ | ਕੁਲ ਵਜ਼ਨ ਦਾਣੇ ਦੇ ਨਿਕਾਸੇ ਦਾ ? | | | | | ਵਜ਼ਨ ਜੋ ਇੰਗਲੈਂਡ ਜਾਂਦਾ ਹੈ, | | | | |
|---|---|---|---|---|---|---|---|---|---|---|
| ੧੯੦੭ | ੮ | ਲੱਖ | ੮੦ | ਹਜ਼ਾਰ | ਟਨ | ੭ | ਲੱਖ | ੭੧ | ਹਜ਼ਾਰ | ਟਨ |
| ,, ੧੯੦੮ | ੧ | ,, | ੯ | ,, | ,, | ੧ | ,, | ੦੦ | ,, | ,, |
| ,, ੧੯੦੯ | ੧੦ | ,, | ੫੦ | ,, | ,, | ੮ | ,, | ੮੨ | ,, | ,, |
| ,, ੧੯੧੦ | ੧੨ | ,, | ੬੬ | ,, | ,, | ੧੦ | ,, | ੪੩ | ,, | ,, |
| ,, ੧੯੧੧ | ੧੩ | ,, | ੬੧ | ,, | ,, | ੧੦ | ,, | ੩੩ | ,, | ,, |

ਸਾਫ ਜ਼ਾਹਿਰ ਹੈ, ਕੇ ਹਿੰਦੋਸਤਾਨ ਵਿਚੋਂ ਕਿਤਨਾਂ ਦਾਣਾਂ ਬਾਹਿਰ ਜਾਂਦਾ ਹੈ ?

ਹੈ, ਉਸ ਵਿੱਚੋਂ ਬੌਹਤ ਅਨਾਜ ਇੰਗਲੈਂਡ ਜਾਂਦਾ ਹੈ, ਅਤੇ ਬੌਹਤ ਥੋੜਾ ਦੂਜੇ ਦੇਸ਼ਾਂ ਨੂੰ ਜਾਂਦਾ ਹੈ, ਇਹ ਅੰਗ ਦਸਦੇ ਹਨ, ਕਿ ਜਦ ਗ਼ਰੀਬ ਹਿੰਦੀਆਂ ਦਾ ਪੇਟ ਕਟਿਆ ਜਾਂਦਾ ਹੈ, ਤਾਂ ਕਿਸ ਦਾ ਪੇਟ ਭਰਦਾ ਹੈ! ਇਹ ਮਾਮੂਲੀ ਬਿਉਪਾਰ ਦਾ ਮੁਆਮਲਾ ਨਹੀਂ ਹੈ, ਸਗੋਂ ਲੁੱਟ ਮਾਰ ਦਾ ਨਤੀਜਾ ਹੈ!

## ਹਿੰਦ ਵਿੱਚ ਕਿਤਨੇ ਲੋਕ ਭੁੱਖ ਨਾਲ ਮਰ ਰਹੇ ਹਨ,

(੧੩) ਅੰਗ੍ਰੇਜ਼ ਅਫ਼ਸਰ ਵਿਲੀਅਮ ਡਿਗਬੀ ਨਾਮੀ ਦੇ ਕੈਹਤ ਅਤੇ ਮੌਤਾਂ ਦੀ ਬਾਬਤ ਇਉਂ ਲਿਖਦਾ ਹੈ, ਕਿ ਸਨ ੧੭੭੯ ਤੋਂ ੧੯੦੦ ਤੱਕ ਦੋ ਕਰੋੜ ਪੰਜੀ ਲਖ ਹਿੰਦੀ ਭੁਖ ਨਾਲ ਮਰ ਗਏ,

ਸਨ ੧੮੩੩ ਵਿੱਚ ਮਦਰਾਸ ਦੇ ਕੈਹਤ ਵਿੱਚ ਟੋਲਿਆਂ ਦੇ ਟੋਲੇ ਬਚਿੱਆਂ, ਜਵਾਨਾਂ, ਔਰਤਾਂ ਅਤੇ ਬੁਢਿੱਆਂ ਦੇ ਸੜਕ ਉੱਤੇ ਪਏ ੨ ਭੁੱਖ ਨਾਲ ਮਰ ਗਏ, ਗਨਤੂਰ ਦੀ ੫੦ ਲੱਖ ਵਸੋਂ ਵਿੱਚੋਂ ਦੋ ਲੱਖ ਆਦਮੀ ਭੁੱਖ ਨਾਲ ਤੜਪ ੨ ਕੇ ਅਨਿਆਈ ਮੌਤੇਂ ਮਰ ਗਏ,

ਸਨ ੧੮੩੭ ਵਿੱਚ ਦਖੱਣੀ ਹਿੰਦ ਵਿੱਚ ੧੦ ਲੱਖ ਹਿੰਦੀ ਕਾਲ ਦੀ ਭੇਟ ਚੜ੍ਹੇ,

ਸਨ ੧੮੩੩ ਵਿੱਚ ਉੜੀਸਾ ਦੀ ਤਿਹਾਈ ਵਸੋਂ ਅਰਥਾਤ ੧੦ ਲੱਖ ਹਿੰਦੀਆਂ ਨੇ ਰੋਟੀ ਅਤੇ ਪਾਂਣੀ ਵਾਸਤੇ ਤਰਸ ੨ ਕੇ ਮੌਤ ਨੂੰ ਪ੍ਰਵਾਨ ਕੀਤਾ,

੧੮੩੯ ਵਿੱਚ ਦਖੱਣੀ ਹਿੰਦ ਵਿੱਚ ੧੨ ਲੱਖ ਮੌਤਾਂ ਹੋਈਆਂ,

੧੮੭੭ ਵਿੱਚ ਸੂਬਾ ਮਦਰਾਸ ਅੰਦਰ ਕੈਹਤ ਦੇ ਜ਼ਰੀਏ ੫੦ ਲਖ ਆਦਮੀ ਮਰੇ, ੧੮੭੮ ਵਿਚ, ਦਖੱਣੀ ਹਿੰਦ ਦੇ ਕੈਹਤ ਵਿੱਚ ੧੨ ਲੱਖ ੫੦ ਹਜ਼ਾਰ ਹਿੰਦੋਸਤਾਨੀ ਅੰਨ ਦੇ ਬਾਝੋਂ ਸੱਸਕ ੨ ਚਲਦੇ ਹੋਏ!

ਪਿਆਰੇ ਹਿੰਦੀ ਭਾਈਓ! ਇਹ ਖਿਆਲ ਕਰੋ, ਕਿ ਕਿਤਨੇ ਹਿੰਦੋਸਤਾਨੀ ਖਾਲੀ ਭੁੱਖ ਨਾਲ ਤੰਗ ਆ ਕੇ ਮਰ ਗਏ, ਪਰ ਉਹਨਾਂ ਹੀ ਸਾਲਾਂ ਵਿੱਚ ਲੱਖਾਂ ਮਣ ਅਨਾਜ ਹਿੰਦੋਸਤਾਨ ਵਿੱਚੋਂ ਬਾਹਰ ਲੈ ਜਾਇਆ ਗਿਆ, ਅਤੇ ਅਰਬਾਂ ਰੁਪੱਏ ਅੰਗ੍ਰੇਜ਼ ਸਾਡੇ ਦੇਸ਼ ਵਿੱਚੋਂ ਖਿਚਦੇ ਰਹੇ, ਹੁਣ ਇਸ ਨਾਲ ਸਾਬਤ ਹੁੰਦਾ ਹੈ, ਕਿ ਸਾਡੇ ਦੇਸ਼ ਵਿੱਚ ਕੈਹਤ ਏਸ ਵਾਸਤੇ ਨਹੀਂ ਹੁੰਦਾ, ਕਿ ਓਥੇ ਦਾਣਾ, ਅਨਾਜ

ਪੈਦਾ ਨਹੀ ਹੁੰਦਾ, ਅਨਾਜ ਤਾਂ ਹਰ ਸਾਲ ਕਰੋੜਾਂ ਮਣ ਪੈਦਾ ਹੁੰਦਾ ਹੈ, ਅਤੇ ਕਾਲ ਦੇ ਸਾਲਾਂ ਵਿੱਚ ਭੀ ਜ਼ਾਲਮ ਅੰਗ੍ਰੇਜ਼ ਸਾਡਾ ਕਰੋੜ ਰੁਪੈਯਾ ਵਲੈਤ ਨੂੰ ਲੈ ਜਾਂਦੇ ਹਨ, ਬੱਸ ਹਿੰਦੋਸਤਾਨ ਵਿੱਚ ਕੈਹਰ ਅਤੇ ਕਾਲ ਦਾ ਪ੍ਰਤਖਸ਼ਖ ਨਮੂਨਾ ਬਣ, ਜ਼ਾਤ ਅੰਗ੍ਰੇਜ਼ੀ ਸ੍ਰਕਾਰ ਹੈ, ਜੋ ਸਾਡੇ ਕਰੋੜਾਂ ਆਦਮੀ ਭੁੱਖ ਨਾਲ ਮਾਰ ਚੁਕੀ ਹੈ, ਬੱਸ ਜਰੂਰੀ ਹੈ, ਕਿ ਅਸੀਂ ਏਸ ਸ੍ਰਕਾਰ ਨੂੰ ਤਬਾਹ ਕਰ ਸਿਟੀਏ! ਏਸ ਆਦਮ ਖੋਰ ਸ੍ਰਕਾਰ ਦੀ ਖੋਪਰੀ ਵਿੱਚ ਪਾਂਣੀ ਪੀ ਕੇ ਆਪਣੇ ਪਿਆਰੇ ਦੇਸ਼ੀ ਭਾਈਆਂ ਨੂੰ ਭੁੱਖ ਅਤੇ ਪਿਆਸ ਤੋਂ ਮਰਨੋਂ ਬਚਾਈਏ!

ਏਸ ਵਾਸਤੇ ਹਿੰਦੋਸਤਾਨ ਦੇ ਸਾਰੇ ਫਿਰਕੇ ਅਤੇ ਮਜ਼੍ਹਬਾਂ ਦੇ ਲੋਕਾਂ ਨੂੰ **ਗ਼ਦਰ** ਦੇ ਅਟੱਲ ਝੰਡੇ ਹੇਠਾਂ ਅਕੱਠੇ ਹੋ ਜਾਣਾ ਚਾਹੀਏ! ਛੇਤੀ ਕਰੋ, ਢਿਲੀ ਠੀਕ ਨਹੀ, ਕਿਉਂਕਿ ਦਿਨੋਂ ਦਿਨ ਸਾਡੇ ਆਦਮੀ ਮਰਦੇ ਜਾਂਦੇ ਹਨ, ਅਤੇ ਦੁਸ਼ਮਣ ਹਿੰਦ ਦਾ ਮਿੱਠਾ ਅਨਾਜ ਅਤੇ ਰੁਪੈਯਾ ਖਾ ੨ ਕੇ ਮੋਟਾ ਹੁੰਦਾ ਜਾਂਦਾ ਹੈ;

(੧੪)

## ਅਕਲ ਦੀਆਂ ਬਾਤਾਂ

ਹਿੰਦੋਸਤਾਨ ਵਿਚੋਂ ਹਰ ਸਾਲ ੧੩ ਕਰੋੜ ੫੦ ਲੱਖ ਰੁਪੈਏ ਦੀ ਕਣਕ ਅਤੇ ਚੌਲ ਅੰਗ੍ਰੇਜ਼ ਬਾਹਿਰ ਲਿਜਾਂਦੇ ਹਨ, ਏਸ ਵਾਸਤੇ ਕਰੋੜਾਂ ਹਿੰਦੀ ਆਪਣੇ ਦੇਸ਼ ਵਿੱਚ ਭੁੱਖ ਦੀ ਭੇਟ ਹੁੰਦੇ ਹਨ,

ਹਿੰਦੋਸਤਾਨ ਵਿੱਚ ਡੇਢ ਸੌ ਸਾਲ ਦੇ ਅੰਦਰ ਦੋ ਕਰੋੜ ਅੱਸੀ ਲੱਖ ਆਦਮੀ ਭੁੱਖ ਨਾਲ ਮਰ ਗਏ ਹਨ, ਦੁਨੀਆ ਦੇ ਕਿਸੇ ਦੇਸ਼ ਵਿੱਚ ਭੀ ਅਜੇਹਾ ਭਿਆਨਕ ਨਜ਼ਾਰਾ ਦਿਖਾਈ ਨਹੀ ਦੇਂਦਾ, ਇਹ ਭਿਆਨਕ ਸ਼ਾਕਾ ਬੇਤ੍ਰਸ ਅੰਗ੍ਰੇਜ਼ਾਂ ਦੀ ਹੀ ਮੇਹਰ ਬਾਨੀ ਹੈ, ਕਿਉਂਕਿ ਇਹ ਜ਼ਾਲਮ ਅੰਗ੍ਰੇਜ਼ ਸਾਡਾ ਅਨਾਜ ਅਤੇ ਧਨ ਹਰ ਸਾਲ ਵਲੈਤ ਨੂੰ ਲਦ ੨ ਕੇ ਲੈ ਜਾਂਦੇ ਹਨ, ਅਤੇ ਗ਼ਰੀਬ ਹਿੰਦੀ ਭੁੱਖ ਨਾਲ ਤੜਪ ੨ ਕੇ ਜਾਨ ਤਿਆਗ ਦੇਂਦੇ ਹਨ, ਖੁਦ ਅੰਗ੍ਰੇਜ਼ ਅਫਸਰ ਡਗਬੀ ਲਿਖਦਾ ਹੈ, ਕਿ ੧੭੯੩ ਤੋਂ ਲੈ ਕੇ ੧੯੦੦ ਤੱਕ ਅਰਥਾਤ ੧੦੭ ਸਾਲਾਂ ਦੀਆਂ ਲੜਾਈਆਂ ਵਿੱਚ ਸਾਰੀ ਦੁਨੀਆਂ ਦੇ ਅੰਦਰ ਪੰਜਾਹ ਲੱਖ ਆਦਮੀ ਮਰੇ, ਪ੍ਰ ੧੮੯੧ ਤੋਂ ਲੈ ਕੇ ੧੯੦੦ ਤੱਕ ਅਰਥਾਤ

ਦਸ ਬਰਸ ਵਿਚੋਂ ਭਾਰਤ ਵਰਸ਼ ਅੰਦਰ ਖਾਲੀ ਕੈਂਹਤ ਕਾਲ ਭੁਖ ਨੰਗ ਨਾਲ ਇੱਕ ਕਰੋੜ ਨੱਵੇ ਲਾਖ ਹਿੰਦੋਸਤਾਨੀ ਮਰ ਗਏ, ?

ਅੰਗ੍ਰੇਜ਼ ਹੈਜ਼ਾ ਹੈਨ, ਅੰਗ੍ਰੇਜ਼ ਕੈਂਹਤ ਹੈਨ, ਅੰਗ੍ਰੇਜ਼ ਪਲੇਗ ਹੈਨ, ਏਹਨਾਂ ਨੂੰ ਦੇਸ਼ੋਂ ਕਢ ਦੇਣਾਂ ਚਾਹੀਏ, ਫੇਰ ਸਾਰੇ ਭਿਆਨਕ ਦੁਖਾਂਦ ਅੰਤ ਹੋ ਜਾਵੇਗਾ; ?

---

ਖੁਦ ਅੰਗ੍ਰੇਜ਼ ਅਫਸਰ, ਡਾਰਲਸ ਲਿਖਦਾ ਹੈ, ਕੇ ਸਾਰੀ ਦੁਨੀਆ ਦੇ ਕਿਸਾਨ ਅਤੇ ਜ਼ਿਮੀਦਾਰ ਇਤਨਾਂ ਟੈਕਸ ਅਤੇ ਮਾਮਲਾ ਨਹੀਂ ਦਿੰਦੇ, ਜਿਤਨਾਂ ਭਾਰੀ ਟੈਕਸ ਅਤੇ ਜ਼ਿਆਦਾ ਮਾਮਲੇ ਦੀ ਰਕਮ ਗ਼ਰੀ: ਬ ਹਿੰਦੋਸਤਾਨੀ ਕਿਸਾਨ ਅਤੇ ਸੌਦਾਗਰ ਭਰਦੇ ਹੈਨ, ਹਿੰਦੋਸਤਨੀਆਂ ਨੂੰ ਸੌ ਵਿਚੋਂ ੫੫ ਰੁਪੈਯਾ ਲਗਾਨ ਅਤੇ ਟੈਕਸ ਦੇਣਾਂ ਪੈਂਦਾ ਹੈ, ਹੁਣ ਜੋ ਖੁਦ ਅੰਗ੍ਰੇਜ਼ ਆਪਣਾ ਜ਼ੁਲਮ ਮੰਨਦੇ ਹੈਨ, ਤਾਂ ਓਹ ਅਕਲ ਦੇ ਅੰ: ਨ੍ਹੇ ਹਿੰਦੋਸਤਾਨੀ ਜੋ ਅੰਗ੍ਰੇਜ਼ੀ ਰਾਜ ਨੂੰ ਬਰਕਤ ਸਮਝਦੇ ਹੈਨ, ਬੇਵਕੂਫ ਹੈ ਕੇ ਨਹੀਂ; ਬਸ ਏਹਨਾਂ ਜ਼ਾਲਮ ਅੰਗ੍ਰੇਜ਼ਾਂ ਨੂੰ ਮਾਰ੨ ਕੇ ਅਤੇ ਕਰਕੇ ਜ਼ੁਲਮ ਦਾ ਦੂਰ ਕਰਨਾ ਹਰ ਇੱਕ ਹਿੰਦੋਸਤਾਨੀ ਦਾ ਪੈਹਿਲਾ ਫਰਜ਼ ਹੈ, ਜੇ ਕਰ ਕੋਈ ਇਨਸਾਨ ਦੇਸ ਪਵਿੱਤ੍ਰ ਅਤੇ ਉਚੇ ਫਰਜ਼ ਵਿਚੋਂ ਸ਼ਾਮਲ ਨਹੀਂ ਹੁੰਦਾ, ਤਾਂ ਓਹ ਇਨਸਾਨ ਆਜ਼ਾਦੀ ਦਾ ਹਕਦਾਰ ਨਹੀਂ ਹੈ,

## ਵੰਦੇ ਮਾਤ੍ਰਮ

ਏਹ ਪੁਸਤਕ ਨੀਚੇ ਲਿਖੀ ਅਡਰੇਸ ਤੋਂ ਮੁਫਤ ਮਿਲ ਸਕਦਾ ਹੈ,

Editor Hindustan
Gaddar
San Francisco
U. S. America

PLEASE DO NOT REMOVE
CARDS OR SLIPS FROM THIS POCKET

UNIVERSITY OF TORONTO LIBRARY

DS
479
A54

Angrezi rāja wicca prajā
de dukha di kahanī

UTL AT DOWNSVIEW
D RANGE BAY SHLF POS ITEM C
39 11 11 20 01 014 5